
# ਦੇਸ਼ ਦੁਆਬਾ

VOL -2 ISSUE - 14
October 16-31, 2013
www.deshdoaba.com
www.ambedkartimes.com


ਚਾਣਕਯ ਪੁਰਸਕਾਰ ਜੇਤੂ
ਡਾ ਕ੍ਰਿਸ਼ਨ ਕੁਮਾਰ ਰੱਤੂ
ਨਾਲ ਬਲਜਿੰਦਰ ਮਾਨ ਦੀ
ਇਕ ਵਿਸ਼ੇਸ਼ ਮੁਲਾਕਾਤ

(ਦੇਖੋ ਸਫਾ 14 ਤੇ)



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਦਲਿਤਾਂ ਦੀਆਂ ਮੂਲ ਸਮੱਸਿਆਵਾਂ ਤੇ ਉਹਨਾਂ ਦੇ ਹੱਲ ਸਬੰਧੀ ਵਿਦਵਾਨਾਂ ਦੀਆਂ ਚਿੰਤਾਵਾਂ- ਇਕ ਸੈਮੀਨਾਰ ਰਿਪੋਰਟ





ਡਾ. ਰੌਣਕੀ ਰਾਮ, ਡਾ. ਕਾਂਚਾ ਇਲਹੀਆ ਅਤੇ ਡਾ. ਸਤਿੰਦਰ ਕੇ. ਸ਼ੁਕਲਾ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ। ਫਤਿਹਜੰਗ ਸਿੰਘ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫ਼ਾ 9 ਤੇ

# ਸ਼ਟਡਾਊਨ ਦੀ ਸਮਾਪਤੀ


## ਅਮਰੀਕੀ ਅਰਥਚਾਰੇ ਨੂੰ 24 ਅਰਬ ਵਿੱਚ ਪਿਆ ਸ਼ਟਡਾਊਨ



ਵਾਸ਼ਿੰਗਟਨ- ਅਮਰੀਕਾ ਵਿਚ ਸਰਕਾਰੀ ਕੰਮ ਕਾਜ ਦੋ ਹਫਤੇ ਤੋਂ ਵੱਧ ਠੱਪ ਰਹਿਣ (ਸ਼ਟ ਡਾਊਨ) ਕਾਰਨ ਅਮਰੀਕੀ ਅਰਥਚਾਰੇ ਨੂੰ 24 ਅਰਬ ਡਾਲਰ ਦਾ ਨੁਕਸਾਨ ਪੁੱਜਿਆ ਹੈ। ਇਹ ਖੁਲਾਸਾ ਕਰਜ਼ ਸਾਖ਼ ਦਰਜਾਬੰਦੀ ਏਜੰਸੀ ਸਟੈਂਡਰਡ ਐਂਡ ਪੂਅਰਜ਼ (ਐਸ.ਐਂਡ.ਪੀ.) ਨੇ ਕੀਤਾ ਹੈ।
ਅਮਰੀਕਾ ਵਿਚ ਬੀਤੇ 16 ਦਿਨਾਂ ਤੋਂ ਜਾਰੀ ਸਿਆਸੀ ਸੰਕਟ ਅੱਜ ਉਦੋਂ ਖ਼ਤਮ ਹੋ ਗਿਆ ਜਦੋਂ ਮੁਲਕ ਦੀ ਸੰਸਦ (ਕਾਂਗਰਸ) ਨੇ ਦੋਵੇਂ ਪਾਰਟੀਆਂ ਵੱਲੋਂ ਸਮਰਥਤ ਕਰਜ਼ ਸਮਝੌਤਾ ਬਿਲ ਨੂੰ ਮਨਜ਼ੂਰੀ ਦੇ ਦਿੱਤੀ। ਇਸ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੌਰੀ ਦਸਤਖ਼ਤ ਕਰ ਕੇ ਕਾਨੂੰਨ ਦਾ ਰੂਪ ਦੇ ਦਿੱਤਾ, ਜਿਸ

(ਬਾਕੀ ਸਫਾ 7 ਤੇ)

## "ਚੋਆਇਸ ਟੂ ਲਿਵ ਐਂਡ ਡਾਈ ਫਾਰ"- ਸਰਹੱਦਾਂ ਉਲੰਘਦੀ ਪਿਆਰ ਕਹਾਣੀ




ਮਨੁੱਖ ਧੁਰ ਅੰਦਰੋਂ ਪਿਆਰ, ਸੁਰੱਖਿਆ, ਦੇਖਭਾਲ, ਸੰਭਾਲ ਤੇ ਦਇਆ ਸਦਕਾ ਹਰ ਪਾਸੇ ਦੌੜੇ-ਭੱਜੇ ਫਿਰਦੇ ਹਨ। ਉਨ੍ਹਾਂ ਦੀ ਸਿੱਖਿਆ, ਸਭਿਆਚਾਰ ਜਾਂ ਵਿਸ਼ੇਸ਼ ਗੁਣਾਂ ਦੇ ਜ਼ਰੀਏ ਆਮ ਕਦਰਾਂ-ਕੀਮਤਾਂ ਹਰੇਕ ਵੱਲੋਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਫਿਲਮ ਦਾ ਮੁੱਖ ਵਿਸ਼ਾ-ਵਸਤੂ ਲੋਕਾਂ ਵਿਚਾਲੇ ਸਭਿਆਚਾਰਕ ਵੰਡੀਆਂ ਨੂੰ ਉਲੰਘਦਾ ਹੈ ਤੇ ਫਿਲਮ ਇਕ ਭਾਰਤੀ ਪਰਵਾਸੀ ਤੇ ਇਕ ਅਮਰੀਕੀ ਔਰਤ ਵਿਚਾਲੇ ਪਣਪੇ ਪਿਆਰ ਦੁਆਲੇ ਤਾਣਾ-ਬਾਣਾ ਬੁਣਦੀ ਹੈ। ਜਿਉਂਦੇ ਰਹਿਣ ਲਈ ਉਹਨਾਂ ਦਾ ਸੰਘਰਸ਼ ਉਹਨਾਂ ਨੂੰ ਪਿਆਰ ਦੇ ਬੰਧਨ ਵਿਚ ਇਕਮਿਕ ਹੋ ਕੇ ਰਹਿਣ ਦੇ ਹਾਲਾਤ ਮੁਹੱਈਆ ਕਰਦਾ ਹੈ। ਕਿਸਮਤ ਉਹਨਾਂ ਦਾ ਸਾਥ ਦਿੰਦੀ ਹੈ ਤੇ ਉਹ ਜ਼ਿੰਦਗੀ ਵਿਚ ਆਏ ਤੂਫ਼ਾਨਾਂ ਤੇ ਹਲਚਲ ਭਰਪੂਰ ਔਕੜਾਂ ਨੂੰ ਵਿਲੱਖਣ ਪਿਆਰ ਦੇ ਸਹਾਰੇ ਸਰ ਕਰ ਲੈਂਦੇ ਹਨ। ਫਿਲਮ ਦੀ ਸਮੁੱਚੀ ਟੀਮ ਨੇ ਮੰਚੀ-ਕਲਾ, ਕਹਾਣੀ ਦੀ ਪੇਸ਼ਕਾਰੀ ਤੇ ਸੈਟਿੰਗ ਨੇ "ਚੋਆਇਸ ਟੂ ਲਿਵ ਐਂਡ ਡਾਈ ਫਾਰ'' ਨੂੰ ਸਿਖਰਾਂ ਉਤੇ ਚੜ੍ਹਾਇਆ ਹੈ।ਸਾਨ ਫਰਾਂਸਿਸਕੋ ਸ਼ਹਿਰ ਵਿਚ ਰਹਿੰਦੇ ਅਜੇ ਦੀ ਕਹਾਣੀ ਇਸ ਤਰ੍ਹਾਂ ਹੈ; ਉਹ ਭਾਰਤੀ ਪਰਵਾਸੀ ਵਿਦਿਆਰਥੀ

(ਬਾਕੀ ਸਫਾ 13 ਤੇ)

## ਸਿੱਖ ਵਿਦਵਾਨ ਗੁਰਦੀਪ ਸਿੰਘ ਦੀਆਂ 3 ਪੁਸਤਕਾਂ ਲੋਕ ਅਰਪਣ



ਰਿਪੋਰਟ ਤੇ ਤਸਵੀਰਾਂ ਦੇਖੋ ਸਫ਼ਾ 3 ਤੇ

## ਯਾਦਗਾਰੀ ਹੋ ਨਿਬੜਿਆ ਇੰਡੋ ਅਮੈਰਿਕਨ ਕਲਚਰਲ ਐਂਡ ਸਪੋਰਟਸ ਸੁਸਾਇਟੀ ਵੱਲੋਂ ਮਨਾਇਆ ਗਦਰ ਲਹਿਰ ਨੂੰ ਸਮਰਪਿਤ ਗਦਰੀ ਮੇਲਾ





ਗਦਰ ਲਹਿਰ ਦੀ 100ਵੀਂ ਵਰ੍ਹੇਗੰਢ ਸਬੰਧੀ ਰਿਪੋਰਟ ਸਫਾ 6 ਤੇ ਤਸਵੀਰਾਂ ਦੇਖੋ 15-16 ਸਫਾ ਤੇ




MAJESTIC HOMES

RAMESH SUMAN
Broker Realtor
RCS-D™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY




39039 Paseo Padre Parkway Suite # 205 Fremont, CA 94538

Ram Saroay
Broker

Office: (510) 742-8120, Fax: (510) 742-8121
ramsaroay@hotmail.com

# INDIA MARKET



ਕਸ਼ਮੀਰ ਸਿੰਘ ਹੀਰਾ




ਗੁਰਪਾਲ ਬੰਗੜ




**New location address**

## 1265 Pleasant Grove Blvd. # 100 Roseville, California 95747

We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.



WE ACCEPT
FOOD STAMPS
For more information
Call Us :
**916-338-5511**



## 5202 Elkhorn Blvd. Sacramento, CA 95842

Toll Free **1-866-FOR-RAJA**
**www.rajasweets.com**
msbains@rajasweets.com

Follow us on:

# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

## Fresh Sweets, Snacks & Food

**Catering for All occasions up to 10000 guests**

**Lunch - Dinner - Take Out - Banquets**

### Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

### Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**

- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**

- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party **1-866-FOR RAJA** www.RajaSweets.com

# ਸ਼ਾਨਦਾਰ ਤੇ ਪ੍ਰਤੀਨਿਧ ਹਾਜਰੀ ਵਿਚ ਨਾਮਵਰ ਤੇ ਸਿੱਖ ਵਿਦਵਾਨ ਗੁਰਦੀਪ ਸਿੰਘ ਦੀਆਂ 3 ਪੁਸਤਕਾਂ ਲੋਕ ਅਰਪਣ







ਸਰੀ (ਜਗਜੀਤ ਸਿੰਘ ਤੱਖਰ): ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਵੱਲੋਂ ਪੰਜਾਬੀ ਅਦਬੀ ਸੰਗਤ ਲਿਟਰੇਟੀ ਸੁਸਾਇਟੀ ਦੇ ਸਹਿਯੋਗ ਨਾਲ ਨਿਊਟਨ ਪਬਲਿਕ ਲਾਇਬਰੇਰੀ ਸਰੀ ਵਿਖੇ ਇਕ ਸ਼ਾਨਦਾਰ ਤੇ ਭਰਵੇਂ ਸਮਾਗਮ ਵਿਚ ਨਾਮਵਰ ਵਿਦਵਾਨ ਤੇ ਚਿੰਤਕ ਸ. ਗੁਰਦੀਪ ਸਿੰਘ ਲੈਫ ਕਰਨਲ (ਸੇਵਾ ਮੁਕਤ) ਦੀਆਂ ਪੁਸਤਕਾਂ ਦਾ ਸੰਗਤ ਅਰਪਣ ਸਮਾਗਮ 6 ਅਕਤੂਬਰ ਨੂੰ ਆਯੋਜਿਤ ਕੀਤਾ ਗਿਆ। ਸਮਾਗਮ ਵਿਚ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ ਤੋਂ ਇਲਾਵਾ ਨਾਮਵਰ ਅਦੀਬ, ਲੇਖਕ, ਕਹਾਣੀਕਾਰ, ਕਵੀ, ਗੀਤਕਾਰ, ਮੀਡੀਆ ਕਰਮੀ ਪੰਥ ਦਰਦੀ ਤੇ ਪੰਜਾਬੀ ਮਾਂ ਬੋਲੀ ਦੇ ਸੁਘੜ ਪਾਠਕਾਂ ਦੀ ਪ੍ਰਤੀਨਿਧ ਹਾਜਰੀ ਵਿਚ ਸੰਸਥਾ ਦੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ, ਪੁਸਤਕਾਂ ਦੇ ਲੇਖਕ ਕਰਨਲ ਗੁਰਦੀਪ ਸਿੰਘ, ਆਸਟਰੇਲੀਆ ਤੋਂ ਪੁੱਜੇ ਨਾਮਵਰ ਅਦੀਬ ਅਜੀਤ ਸਿੰਘ ਰਾਹੀ ਤੇ ਸੰਸਥਾ ਦੇ ਡਾਇਰੈਕਟਰ ਜਗਜੀਤ ਸਿੰਘ ਤੱਖਰ ਨੂੰ ਪ੍ਰਧਾਨਗੀ ਮੰਡਲ ਵਿਚ ਬਿਠਾਇਆ ਗਿਆ।

ਸਮਾਗਮ ਦੇ ਆਰੰਭ ਵਿਚ ਦੋਹਾਂ ਸੰਸਥਾਵਾਂ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਰਹਿ ਚੁੱਕੇ ਡਾਇਰੈਕਟਰ ਤੇ ਉੱਘੇ ਵਿਦਵਾਨ ਰਾਜਿੰਦਰ ਸਿੰਘ ਭਸੀਨ ਦੇ ਸ਼ੋਕਮਾਈ ਪ੍ਰਲੋਕ ਸਿਧਾਰ ਜਾਣ ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਭਸੀਨ ਸਾਹਿਬ ਦੀ ਪੰਜਾਬੀ ਸਾਹਿਤ ਵਿਚ ਦੇਣ ਤੇ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਯਾਦ ਕਰਦੇ ਹੋਏ ਇਕ ਮਿੰਟ ਦਾ ਮੋਨ ਰੱਖ ਕੇ ਖੜ੍ਹੇ ਹੋ ਕੇ ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ।

ਸਮਾਗਮ ਵਿਚ ਸਭ ਤੋਂ ਪਹਿਲਾਂ ਜੈਤੇਗ ਸਿੰਘ ਅਨੰਤ ਨੇ ਦੂਰੋਂ ਨੇੜਿਓਂ ਆਏ ਮਹਿਮਾਨਾਂ ਨੂੰ ਜੀ ਆਇਆ ਆਖਦਿਆਂ ਸਮਾਗਮ ਦੀ ਰੂਪ ਰੇਖਾ, ਪੁਸਤਕਾਂ ਦੇ ਲੇਖਕ ਕਰਨਲ ਗੁਰਦੀਪ ਸਿੰਘ ਦੀ ਬੜੇ ਸੁਹਣੇ ਸ਼ਬਦਾਂ ਵਿਚ ਜਾਣ ਪਹਿਚਾਣ ਕਰਵਾਈ। ਉਹਨਾਂ ਕਿਹਾ ਕਿ ਕਰਨਲ ਸਾਹਿਬ ਗੁਰਮਤਿ ਸਿਧਾਂਤ ਤੇ ਫਲਸਫੇ ਦੀ ਇਕ ਬੁਲੰਦ ਆਵਾਜ ਹਨ।ਅਜੋਕੇ ਸਮੇਂ ਦੌਰਾਨ ਸਿੱਖ ਧਰਮ ਵਿੱਚ ਆ ਰਹੀ ਗਿਰਾਵਟ, ਮਨਮਤਿ ਤੇ ਹੋਰ ਅਨੇਕਾਂ ਮਸਲਿਆਂ ਨੂੰ ਤਰਕ ਦੇ ਆਧਾਰ ਤੇ ਪਾਠਕਾਂ ਦੇ ਸਨਮੁਖ ਰੱਖਣ ਦਾ ਯਤਨ ਕੀਤਾ ਹੈ। ਉਹਨਾਂ ਆਸਟਰੇਲੀਆ ਤੋਂ ਪੁੱਜੇ ਅਜੀਤ ਸਿੰਘ ਰਾਹੀ ਦੀ ਸਾਹਿਤ ਦੇ ਪਿੜ ਵਿਚ ਪਿਛਲੀ ਅੱਧੀ ਸਦੀ ਤੋਂ ਕੀਤੇ ਗਏ ਕੰਮਾਂ ਦਾ ਮੁਲਾਂਕਣ ਕਰਦੇ ਹੋਏ ਉਹਨਾਂ ਦੇ ਜੀਵਨ ਤੇ ਸ਼ਖਸੀਅਤ ਨੂੰ ਕੁੱਜੇ ਵਿਚ ਸਮੁੰਦਰ ਵਾਂਗ ਭਰ ਦਿੱਤਾ।



ਬੀਬੀ ਗੁਰਦੀਸ਼ ਕੌਰ ਗਰੇਵਾਲ ਨੇ ਕਰਨਲ ਸਾਹਿਬ ਦੀ ਇਕ ਪੁਸਤਕ 'ਸਿੱਖੀ 'ਚ ਬ੍ਰਾਹਮਣਵਾਦੀ ਖੋਟ-ਇਕ ਕੌੜਾ ਸੱਚ' ਪੇਸ਼ ਕੀਤਾ।ਉਹਨਾਂ ਬਹੁਤ ਹੀ ਸੁੰਦਰ ਢੰਗ ਨਾਲ ਲੇਖਕ ਦੀ ਸੋਚ, ਵਿਸ਼ਾ ਵਸਤੂ, ਸਰੂਪ ਤੇ ਸਰਲ ਸ਼ਬਦਾਵਲੀ ਦੀ ਦਾਦ ਦਿੱਤੀ। ਪਟਿਆਲਾ ਦੇ ਨਾਮਵਰ ਕਾਲਮ ਨਵੀਸ ਉਜਾਗਰ ਸਿੰਘ ਦਾ ਲਿਖਿਆ ਪਰਚਾ 'ਗੁਰ ਇਤਿਹਾਸ 'ਚ ਬਿਪਰਵਾਦੀ ਮਿਲਾਵਟ' ਨੂੰ ਪੰਜਾਬ ਗਾਰਡੀਅਨ ਦੇ ਮੁਖ ਸੰਪਾਦਕ ਹਰਕੀਰਤ ਸਿੰਘ ਕੁਲਾਰ ਨੇ ਰੱਖਿਆ। ਉਹਨਾਂ ਰੀਵੀਊਕਾਰ ਵਾਲੇ ਉਠਾਏ ਅਨੇਕਾਂ ਨੁਕਤਿਆਂ ਨੂੰ ਉਜਾਗਰ ਕੀਤਾ।ਇਸਦੇ ਨਾਲ ਹੀ ਉਹਨਾਂ ਆਪਣੇ ਵਲੋਂ ਕਿਹਾ ਕਿ ਸਾਨੂੰ ਲਕੀਰ ਦੇ ਫਕੀਰ ਨਹੀਂ ਬਣਨਾ ਚਾਹੀਦਾ। ਸਾਨੂੰ ਗੁਰਬਾਣੀ ਨੂੰ ਆਪਣੇ ਜੀਵਨ ਵਿਚ ਢਾਲਣ ਦਾ ਯਤਨ ਕਰਨਾ ਚਾਹੀਦਾ ਹੈ।ਇਹਨਾਂ ਪੁਸਤਕਾਂ ਦਾ ਤਾਂ ਹੀ ਲਾਭ ਹੈ ਜੇ ਕਰ ਅਸੀਂ ਇਹਨਾਂ ਤੋਂ ਸੇਧ ਲਈਏ।ਅਜਿਹੀ ਪੁਸਤਕਾਂ ਆਪ ਖਰੀਦਣ ਅਤੇ ਪੜ੍ਹਨ ਦੀ ਰਚੀ ਪੈਦਾ ਕਰੀਏ ਤੇ ਹੋਰਨਾ ਨੂੰ ਪਰੇਰੀਏ। ਗਦਰ ਦੀ ਪਹਿਲੀ ਜਨਮ ਸ਼ਤਾਬਦੀ ਨੂੰ ਸਮਰਪਿਤ ਜਗਜੀਤ ਸਿੰਘ ਤੱਖਰ ਨੇ 'ਦਰਦ ਸੁਨੇਹੇ ਵਿਚੋਂ' ਗਿ. ਹੀਰਾ ਸਿੰਘ ਦਰਦ ਦੀ ਕਵਿਤਾ 'ਦੱਸ ਕਿਹੜੀ ਥਾਂਈ ਪਹਿਲਾਂ ਚੱਲੀਏ ਪਿਆਰਿਆ ਵੇ' ਤਰੰਨਮ ਵਿਚ ਗਾ ਕੇ ਇਕ ਨਵਾਂ ਰੰਗ ਸਿਰਜਿਆ। ਸਮਾਗਮ ਵਿਚ ਜੈਤੇਗ ਸਿੰਘ ਆਨੰਤ ਨੇ ਗੁਰਦੀਪ ਸਿੰਘ ਲੈਫ ਕਰਨਲ (ਸੇਵਾ ਮੁਕਤ) ਦੀਆਂ 3 ਪੁਸਤਕਾਂ 'ਗੁਰ ਇਤਿਹਾਸ 'ਚ ਬਿਪਰਵਾਦੀ ਮਿਲਾਵਟ-1', ਸਿੱਖੀ 'ਚ ਬ੍ਰਾਹਮਣਵਾਦੀ ਖੋਟ ਤੇ ਤੀਜੀ ਪੁਸਤਕ ਵਿਸਾਖੀ ਦਾ ਮਨੁੱਖਤਾ ਦੇ ਨਾਂ ਸੁਨੇਹਾਂ ਨੂੰ ਤਾੜੀਆਂ ਦੀ ਗੂੰਜ ਵਿਚ ਰਿਲੀਜ ਕੀਤਾ।

ਸੰਸਥਾ ਵੱਲੋਂ ਪੁਸਤਕਾਂ ਦੇ ਲੇਖਕ ਗੁਰਦੀਪ ਸਿੰਘ ਨੂੰ ਜੈਤੇਗ ਸਿੰਘ ਅਨੰਤ ਤੇ ਜਗਜੀਤ ਸਿੰਘ ਤੱਖਰ ਵੱਲੋਂ ਦਸਤਾਰ, ਲੋਈ, ਯਾਦਗਾਰ ਚਿੰਨ੍ਹ ਤੇ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਿਤ ਕੀਤਾ ਗਿਆ।ਸ. ਅਜੀਤ ਸਿੰਘ ਰਾਹੀ ਨੂੰ ਵੀ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ। ਪੁਸਤਕਾਂ ਦੇ ਲੇਖਕ ਨੇ ਪੁਸਤਕਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ, ਵਿਸ਼ਾ ਵਸਤੂ ਤੇ ਸੋਚ ਪ੍ਰਤੀ ਤਰਕ ਨਾਲ ਗੱਲਾਂ ਕੀਤੀਆਂ।

ਸ. ਅਜੀਤ ਸਿੰਘ ਰਾਹੀ ਨੇ ਸਾਹਿਤਕ ਪਿੜ ਵਿਚ ਆਰੰਭ ਤੋਂ ਲੈ ਕੇ ਹੁਣ ਤਕ ਜਿੰਦਗੀ ਦੇ ਉਤਰਾਅ ਚੜਾਅ ਦੇ ਨਾਲ ਹੀ ਭਾਰਤ ਨੂੰ ਛੱਡ ਕੇ ਵਿਦੇਸ਼ਾਂ ਵਿਚ ਵਸਣ ਦਾ ਕਾਰਨ, ਉਥੋਂ ਦੇ ਜਨ ਜੀਵਨ ਤੇ ਜਿੰਦਗੀ ਦੇ ਅਨੇਕਾਂ ਕੌੜੇ ਮਿੱਠੇ ਅਨੁਭਵਾਂ ਨੂੰ ਸਾਂਝਾ ਕੀਤਾ।

ਉਹਨਾਂ ਕਿਹਾ ਕਿ ਭਾਵੇਂ ਮੇਰੀ ਸ਼ੁਰੂਆਤ ਸੀ ਪੀ ਆਈ ਜਾਂ ਨਕਸਲ ਪਾਰਟੀ ਤੋਂ ਹੀ ਹੋਈ ਸੀ ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਖਾਲਸੇ ਦੀ ਮੁਖ ਧਾਰਾ ਵਿਚ ਬੜੀ ਪਹਿਲਾਂ ਆ ਜਾਣਾ ਚਾਹੀਦਾ ਸੀ।ਜਦੋਂ ਦੇਸ਼ ਵਿਚ 1984 ਦਾ ਘੱਲੂਘਾਰਾ ਵਾਪਰਿਆ ਹੈ ਸੀਨੇ ਵਿਚ ਪੀੜਾ ਅਸੀਂ ਵੀ ਹੰਢਾਈ ਹੈ।ਸਾਡਾ ਦਰਦ ਵੀ ਗਹਿਰਾ ਸੀ।ਉਹਨਾਂ ਜਖਮਾਂ ਨੇ ਹੀ ਸਾਨੂੰ ਜ਼ਿੰਦਗੀ ਵਿਚ ਸੇਧ ਦਿੱਤੀ ਹੈ।

2 ਘੰਟੇ ਚੱਲੇ ਸਮਾਗਮ ਵਿਚ ਜੋਗਿੰਦਰ ਸਿੰਘ ਸ਼ਮਸ਼ੇਰ, ਡਾ. ਪੂਰਨ ਸਿੰਘ ਗਿੱਲ, ਡਾ. ਪ੍ਰਗਟ ਸਿੰਘ ਭੁਰਜੀ, ਪ੍ਰਿੰ. ਮਲੂਕ ਚੰਦ ਕਲੇਰ, ਬੀਬੀ ਸੁਖਵਿੰਦਰ ਕੌਰ, ਜੀਵਨ ਰਾਮਪੁਰੀ, ਅਮਰੀਕ ਸਿੰਘ ਲੇਹਲ, ਗੁਰਚਰਨ ਸਿੰਘ ਸੇਖੋਂ, ਜਗਦੇਵ ਸਿੰਘ ਸੰਧੂ, ਦਲਜੀਤ ਸਿੰਘ ਸੰਧੂ, ਗਿਆਨ ਸਿੰਘ ਸੰਧੂ, ਚਮਕੌਰ ਸਿੰਘ ਸੇਖੋਂ, ਜਗਿੰਦਰ ਸਿੰਘ ਗਰੇਵਾਲ, ਗੁਰਦੇਵ ਸਿੰਘ ਬਾਠ ਤੋਂ ਇਲਾਵਾ ਵੱਡੀ ਗਿਣਤੀ ਵਿਚ ਭਾਈਚਾਰੇ ਦੀਆਂ ਉੱਘੀਆਂ ਸਖਸੀਅਤਾਂ ਸ਼ਾਮਲ ਸਨ। ਅੰਤ ਦੋ ਘੰਟੇ ਚੱਲੇ ਸਮਾਗਮ ਨੇ ਆਏ ਮਹਿਮਾਨਾਂ ਤੇ ਆਪਣੀ ਅਮਿੱਟ ਛਾਪ ਛੱਡਦਾ ਹੋਇਆ ਸਮਾਪਤ ਹੋ ਗਿਆ।

## ਸਪਰਿੰਗਫੀਲਡ (ਅਮਰੀਕਾ) ਦੇ ਮੇਲੇ ਵਿਚ ਪੰਜਾਬੀ ਸਭਿਆਚਾਰ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ


ਅੰਮ੍ਰਿਤਸਰ-ਅਮਰੀਕਾ ਦੇ ਪ੍ਰਸਿੱਧ ਸੂਬੇ ਓਹਾਇਓ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ




ਵਿਖੇ 17 ਵਾਂ ਸਭਿਆਚਾਰਕ ਮੇਲਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਰਸਮੀ ਉਦਘਾਟਨ ਦੀ ਰਸਮ ਮੇਅਰ ਵੈਰਨ ਕੋਪਲੈਂਡ ਨੇ ਅਦਾ ਕੀਤੀ। ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਪ੍ਰਦਰਸ਼ਨੀ ਲਾਈ ਗਈ ਜਿਸ ਵਿਚ ਹਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜੀ, ਆਟਾ ਪੀਹਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਸਿੱਖ ਫੌਜੀਆਂ, ਡਾ. ਮਨਮੋਹਨ ਸਿੰਘ ਦੀਆਂ ਰਾਸ਼ਟਰਪਤੀ ਓਬਾਮਾ ਅਤੇ ਸਾਬਕਾ ਰਾਸ਼ਟਰਪਤੀ ਬੁਸ਼ ਨਾਲ ਤਸਵੀਰਾਂ 'ਤੇ ਸਿੱਖ ਧਰਮ ਨਾਲ ਸਬੰਧਿਤ ਹੋਰ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਸਿੱਖ ਧਰਮ ਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਪੁਸਤਕਾਂ ਵੀ ਰੱਖੀਆਂ ਗਈਆਂ। ਅਮਰੀਕਨਾਂ ਨੇ ਇਨ੍ਹਾਂ ਵਿੱਚ ਕਾਫੀ ਦਿਲਚਸਪੀ ਦਿਖਾਈ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਬਹੁਤ ਸਾਰਿਆਂ ਨੇ ਸਿੱਖ ਧਰਮ ਨਾਲ ਸਬੰਧਤ ਪੁਸਤਕਾਂ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਖ੍ਰੀਦਣ ਦੀ ਇੱਛਾ ਜਾਹਿਰ ਕੀਤੀ। ਇਸ ਮੌਕੇ 'ਤੇ ਸਿੱਖ ਧਰਮ ਨਾਲ ਸਬੰਧਤ ਸਿੱਖ ਕੋਲਿਸ਼ਨ ਵਲੋਂ' ਦਾ ਸਿੱਖਸ' ਸਿਰਲੇਖ ਹੇਠ ਤਿਆਰ ਕੀਤੇ ਗਏ ਇਕ ਹਜ਼ਾਰ ਦੇ ਕਰੀਬ ਪੈਂਫਲਿਟ ਵੰਡੇ ਗਏ। ਸਿੱਖ ਰਿਸਰਚ ਇੰਸਟੀਚਿਊਟ ਵਲੋਂ ਪ੍ਰਕਾਸ਼ਿਤ ਅੰਗਰੇਜ਼ੀ ਵਿਚ ਕਿਤਾਬਚਾ ਵੰਡਿਆ ਗਿਆ। ਸਿੱਖਾਂ ਦੀ ਪਛਾਣ ਬਾਰੇ ਪੁਲਿਸ ਨੂੰ ਜਾਣਕਾਰੀ ਦੇਣ ਲਈ ਯੂ ਐਸ ਡਿਪਾਰਟਮੈਂਟ ਆਫ਼ ਜਸਟਿਸ ਵਲੋਂ ਜਾਰੀ ਦਸਤਾਵੇਜ਼ੀ ਫ਼ਿਓਮ (ਡੌਕੂਮੈਂਟਰੀ) 'ਔਨ ਕਾਮਨ ਗਰਾਊਂਡ', ਜਿਸਨੂੰ ਸਿੱਖ ਅਮੈਰਿਕਨ ਲੀਗਲ ਐਂਡ ਐਜੂਕੇਸ਼ਨ ਫੰਡ ਨੇ ਤਿਆਰ ਕੀਤਾ ਹੈ ਉੱਥੇ ਮੌਜੂਦ ਪੁਲਿਸ ਅਧਿਕਾਰੀਆਂ ਅਤੇ ਹੋਰਨਾਂ ਨੂੰ ਵੰਡੀਆਂ ਗਈਆਂ। ਪੰਜਾਬੀ ਸਟਾਲ ਦੇ ਬਾਹਰ ਕੇਨ ਅਤੇ ਮੇਰੀ ਦੀ ਟੀਮ ਨੇ ਵੀ ਆਪਣਾ ਸੰਗੀਤ ਪੇਸ਼ ਕਰਕੇ ਖ਼ੂਬ ਰੌਣਕਾਂ ਲਾਈਆਂ। ਇਹ ਟੀਮ ਜਰਮਨ ਤੇ ਅਮਰੀਕੀ ਸੰਗੀਤ ਨੂੰ ਮਿਲਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ।

– ਡਾ. ਚਰਨਜੀਤ ਸਿੰਘ ਗੁਮਟਾਲਾ

## ਸੁਖਬੀਰ ਬਾਦਲ ਦੀਆਂ ਬਚਕਾਨਾ ਦਲੀਲਾਂ




ਹਿੰਦੁਸਤਾਨ ਟਾਈਮਜ਼ ਨੂੰ ਦਿੱਤੇ ਇਕ ਇੰਟਰਵਿਊ ਵਿਚ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਹੱਕ ਵਿਚ ਜੋ ਦਲੀਲਾਂ ਪੇਸ਼ ਕੀਤੀਆਂ ਹਨ, ਉਹ ਬਹੁਤ ਬਚਕਾਨਾ ਹਨ। ਉਹਨਾਂ ਦੀ ਪਹਿਲੀ ਦਲੀਲ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਅਤੇ ਗੁਜਰਾਤ ਵਿਚ 2002 ਵਿਚ ਹੋਏ ਦੰਗਿਆਂ ਵਿਚ ਕੋਈ ਸਮਰੂਪਤਾ ਨਹੀਂ ਹੈ। ਸੁਖਬੀਰ ਬਾਦਲ ਭੁੱਲ ਰਹੇ ਹਨ ਕਿ 1984 ਵਿਚ ਜੋ ਕੁਝ ਹੋਇਆ ਅਤੇ 2002 ਵਿਚ ਜੋ ਕੁਝ ਗੁਜਰਾਤ ਵਿਚ ਹੋਇਆ, ਉਹ 2 ਵੱਖ ਵੱਖ ਫਿਰਕਿਆਂ ਵਿਰੁੱਧ ਇਕੋ ਜਿਹੀ ਹੀ ਕਮੀਨੀ ਹਰਕਤ ਸੀ। ਇਹਨਾਂ ਘਟਨਾਵਾਂ ਨੂੰ ਦੰਗੇ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਇਕ ਪਾਸੜ ਵਾਰਦਾਤਾਂ ਹਨ। 1984 ਵਿਚ ਜੋ ਕੁਝ ਹੋਇਆ ਉਸ ਲਈ ਕਾਂਗਰਸੀ ਹਾਕਮ ਦੋਸ਼ੀ ਸਨ ਜਦਕਿ 2002 ਵਿਚ ਜੋ ਕੁਝ ਗੁਜਰਾਤ ਵਿਚ ਹੋਇਆ, ਉਸ ਲਈ ਉਥੋਂ ਦੀ ਸਰਕਾਰ ਜ਼ਿੰਮੇਵਾਰ ਹੈ, ਜਿਸਦੇ ਮੁੱਖ ਨਰਿੰਦਰ ਮੋਦੀ ਹਨ। ਸੁਖਬੀਰ ਬਾਦਲ ਦਾ ਆਖਣਾ ਹੈ ਕਿ ਨਰਿੰਦਰ ਮੋਦੀ ਤਾਂ ਮੁੱਖ ਮੰਤਰੀ ਸਨ। ਕਿਸੇ ਵੀ ਅਦਾਲਤ ਨੇ ਉਹਨਾਂ ਨੂੰ ਦੋਸ਼ੀ ਨਹੀਂ ਠਹਿਰਾਇਆ। ਉਹ ਭੁੱਲ ਰਹੇ ਹਨ ਕਿ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਦੀ ਸੰਵਿਧਾਨਕ ਜ਼ਿੰਮੇਵਾਰੀ ਮੁੱਖ ਮੰਤਰੀ ਦੀ ਹੀ ਹੁੰਦੀ ਹੈ। ਜੇਕਰ ਤਕਨੀਕੀ ਕਾਰਨਾਂ ਕਰਕੇ ਉਹ ਬਚ ਨਿਕਲੇ ਹਨ ਤਾਂ ਇਸਦਾ ਅਰਥ ਇਹ ਨਹੀਂ ਹੈ ਕਿ ਉਹ ਗੁਜਰਾਤ ਵਿਚ ਜੋ ਕੁਝ 2002 ਵਿਚ ਹੋਇਆ ਉਸ ਲਈ ਜ਼ਿੰਮੇਵਾਰ ਨਹੀਂ ਹਨ। ਸੁਖਬੀਰ ਬਾਦਲ ਨੇ ਮੋਦੀ ਵੱਲੋਂ ਕੀਤੀ ਗਈ ਗੁਜਰਾਤ ਦੀ ਆਰਥਿਕ ਤਰੱਕੀ ਦੀ ਬਹੁਤ ਵੱਧ ਚੜ੍ਹ ਕੇ ਪ੍ਰਸੰਸਾ ਕੀਤੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਜਰਾਤ ਦੇ ਆਰਥਿਕ ਵਿਕਾਸ ਦੇ ਪੁਲ ਕੇਵਲ ਮੀਡੀਆ ਨੇ ਹੀ ਬੰਨ੍ਹੇ ਹੋਏ ਹਨ, ਜਦਕਿ ਹਕੀਕਤ ਕੁਝ ਹੋਰ ਹੀ ਹੈ। ਗੁਜਰਾਤ ਵਿਚ ਗਰੀਬਾਂ ਦੀ ਗਿਣਤੀ ਦੇਸ਼ ਦੇ ਕਈ ਸੂਬਿਆਂ ਨਾਲੋਂ ਕਿਤੇ ਵੱਧ ਹੈ। ਕੁਪੋਸ਼ਣ ਕਾਰਨ ਗੁਜਰਾਤ ਵਿਚ ਮਰਨ ਵਾਲੇ ਬੱਚਿਆਂ ਦੀ ਗਿਣਤੀ ਦੇਸ਼ ਦੇ ਕਈ ਸੂਬਿਆਂ ਨਾਲੋਂ ਵੱਧ ਹੈ। ਜੇਕਰ ਆਰਥਿਕ ਵਿਕਾਸ ਨੂੰ ਮੰਨ ਵੀ ਲਈਏ ਤਾਂ ਕੀ ਸੁਖਬੀਰ ਬਾਦਲ ਦੱਸਣਗੇ ਕਿ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਜ਼ਰੂਰੀ ਹੈ ਜਾਂ ਆਰਥਿਕ ਵਿਕਾਸ? ਜੋ ਮੁੱਖ ਮੰਤਰੀ ਇਕ ਸੂਬੇ ਵਿਚ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਨਹੀਂ ਕਰ ਸਕਿਆ, ਉਹ ਸਾਰੇ ਭਾਰਤ ਦੇ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਿਵੇਂ ਕਰੇਗਾ? ਸੁਖਬੀਰ ਬਾਦਲ ਵੱਲੋਂ ਇਹ ਕਿਹਾ ਜਾਣਾ ਕਿ ਨਰਿੰਦਰ ਮੋਦੀ ਨੂੰ ਸਾਰੇ ਜਾਣਦੇ ਹਨ ਜਦਕਿ ਰਾਹੁਲ ਗਾਂਧੀ ਨੂੰ ਕੋਈ ਨਹੀਂ ਜਾਣਦਾ। ਇਹ ਵੀ ਇਕ ਬੱਚਿਆਂ ਵਾਲੀ ਗੱਲ ਹੈ। ਗੱਲ ਜਾਨਣ ਦੀ ਨਹੀਂ ਸਵਾਲ ਇਹ ਹੈ ਕਿ ਉਹਨਾਂ ਪ੍ਰਤੀ ਲੋਕਾਂ ਵਿਚ ਆਦਰ ਹੈ ਜਾਂ ਨਹੀਂ। ਰਾਹੁਲ ਗਾਂਧੀ ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਕਾਂਗਰਸ ਦੇ ਉਪ ਪ੍ਰਧਾਨ ਹਨ, ਐਮ. ਪੀ. ਹਨ। ਰਾਹੁਲ ਬਾਰੇ ਅਕਸਰ ਰੌਲਾ ਪੈਂਦਾ ਰਹਿੰਦਾ ਹੈ ਕਿ ਉਹ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹਨ। ਉਹਨਾਂ ਬਾਰੇ ਇਹ ਆਖਣਾ ਹੈ ਕਿ ਉਹਨਾਂ ਨੂੰ ਕੋਈ ਨਹੀਂ ਜਾਣਦਾ, ਸੰਕੇਤ ਦਿੰਦਾ ਹੈ ਕਿ ਸੁਖਬੀਰ ਬਾਦਲ ਬੱਚਿਆਂ ਦੀ ਦੁਨੀਆਂ ਵਿਚ ਰਹਿ ਰਹੇ ਹਨ। ਜੇਕਰ ਉਹ ਇਹ ਸਮਝਦੇ ਹਨ ਕਿ ਉਹਨਾਂ ਦੀਆਂ ਇਹਨਾਂ ਬਚਕਾਨਾ ਦਲੀਲਾਂ ਦਾ ਲੋਕਾਂ ਤੇ ਕੋਈ ਪ੍ਰਭਾਵ ਪਵੇਗਾ ਤਾਂ ਉਹ ਹਨੇਰੇ ਵਿਚ ਰਹਿ ਰਹੇ ਹਨ।

# ਬੇਗ਼ਮਪੁਰਾ ਕਲਚੁਰਲ ਸੁਸਾਇਟੀ ਵਲੋਂ ਨਿਊਜ਼ 24 ਚੈਨਲ ਦੀ ਕਰੜੇ ਸ਼ਬਦਾਂ 'ਚ ਨਿਖੇਧੀ

ਨਿਊਯਾਰਕ (ਬਲਵਿੰਦਰ ਭੌਰਾ) ਬੀਤੇ ਦਿਨੀ ਭਾਰਤ ਵਿੱਚ ਨਿਊਜ਼ 24 ਚੈਂਨਲ ਨੇ ਆਪਣੇ ਇੱਕ ਪ੍ਰਸਾਰਣ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਫੋਟੋ ਸਮੇਤ ਨਿਰਾਦਰ ਭਰੀ ਸ਼ਬਦਾਵਲੀ ਲਿਖਕੇ ਆਪਣੇ ਚੈਨਲ ਤੇ ਵਿਖਾਇਆ , ਜਿਸ ਨੂੰ ਦੇਖਦਿਆ ਸਾਰ ਸਮੂੰਹ ਗੁਰੂ ਰਵਿਦਾਸ ਭਾਈਚਾਰਾ ਹਰੁਕਤ ਵਿੱਚ ਆ ਗਿਆ, ਥਾਂ ਥਾਂ ਤੇ ਭਾਰੀ ਗਿਣਤੀ ਵਿੱਚ ਰੋਸ ਮੁਜ਼ਾਹਰੇ ਕੀਤੇ ਗਏ। ਇਹ ਮਾਮੁਲਾ ਬੇਗ਼ਮਪੁਰਾ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਦੇ ਧਿਆਨ 'ਚ ਆਉਦਿਆ ਹੀ ਸੰਮੂਹ ਮੈਂਬਰਾਂ ਨੇ ਤੁਰੰਤ ਮੀਟਿੰਗ ਕਰਕੇ ਨਿਊਜ਼ ਚੈਂਨਲ ਨੂੰ ਤਾੜ੍ਹਨਾ ਕੀਤੀ ਹੈ ਕਿ ਇਸ ਆਪਹੁਦਰੀ ਹਰੁਕਤ ਨਾਲ ਵਿਦੇਸ਼ੀ ਭਾਈਚਾਰਾ ਚੁੱਪ ਨਹੀ ਬੈਠੇਗਾ, ਅਗਰ ਭਾਈਚਾਰੇ ਦੀ ਰੱਖੀ ਗਈ ਮੰਗ ਅਨੁਸਾਰ ਨਿਊਜ਼ ਚੈਨਲ ਦੇ ਮਾਲਕ ਨੇ ਮੁਆਫ਼ੀ ਨਾ ਮੰਗੀ ਤਾਂ ਇਸਦੇ ਇੰਵਜ 'ਚ ਬੜੀ ਸਖ਼ਤੀ ਨਾਲ ਕਾਰਵਾਈ ਆਰੰਭੀ ਜਾ ਸਕਦੀ ਹੈ, ਜਿਸਦਾ ਸਾਰਾ ਖਮਿਆਜ਼ਾ ਚੈਂਨਲ ਸਿਰ ਹੋਵੇਗਾ।

ਸੰਸਥਾ ਦੇ ਅਹੁਦੇਦਾਰਾਂ ਨੇ ਕਿਹਾ ਕਿ ਭਵਿੱਖ 'ਚ ਵੀ ਇਸਤ੍ਹਰਾਂ ਦੀ ਕੁਤਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਸੰਸਥਾ ਪ੍ਰਧਾਨ ਸ੍ਰੀ ਪਰਮਜੀਤ ਕਮਾਮ ਨੇ ਦੁੱਖ ਜ਼ਾਹਿਰ ਕਰਦਿਆ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਂਰਾਜ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਸ਼ਬਦਾਂ ਦੇ ਰੂਪ 'ਚ ਸੁਸ਼ੋਭਿਤ ਹੈ, ਪਰ ਦੇਖਣ 'ਚ ਆਇਆ ਹੈ ਕਿ ਇਸ ਮਾਮੁਲੇ ਨੂੰ ਦੇਖਕੇ ਸ੍ਰੋਮਣੀ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਜਥੇਬੰਦੀਆਂ ਤੇ ਸੰਸਥਾਵਾਂ ਚੁੱਪ ਸਾਧੀ ਬੈਠੀਆਂ ਹਨ। ਬੇਗਮਪੁਰਾ ਸੰਸਥਾ ਵਲੋਂ ਜੋ ਬੀਤੇ ਦਿਨੀ ਸ੍ਰੀ 108 ਸੰਤ ਕਿਸ਼ਨ ਨਾਥ ਚਹੇੜੂ ਵਾਲਿਆ ਨੇ ਆਪਣੇ ਪੂਰੇ ਲਾਮ ਲਸ਼ਕਰ ਸਮੇਤ ਜਲੰਧਰ ਵਿਖੇ ਭਾਰੀ ਰੋਸ ਮੁਜ਼ਹਾਰਾ ਕੀਤਾ ਅਤੇ ਪ੍ਰਸ਼ਾਸ਼ਨ ਨੂੰ ਮੰਗ ਪੱਤਰ ਪੇਸ਼ ਕੀਤਾ, ਇਹ ਬਹੁਤ ਹੀ ਸ਼ਲਾਘਾਯੋਗ ਉਦਮ ਦੱਸਿਆ।

**ਬੀਤੇ ਦਿਨੀਂ "ਗੈੱਟ ਪੰਜਾਬੀ" ਚੈਨਲ ਦੇ ਕੈਲੀਫੋਰਨੀਆ ਦਫਤਰ ਦਾ ਉਦਘਾਟਨ ਸਮਾਗਮ ਮਿਰਾਜ ਬੈਂਕੁਇਟ ਹਾਲ, ਸੈਕਰਾਮੈਂਟੋ ਵਿਖੇ ਹੋਇਆ। ਇਸ ਮੌਕੇ ਸ਼ਾਮਲ ਸ਼ਖਸੀਅਤਾਂ ਅਤੇ ਪ੍ਰੋਗਰਾਮ ਤਸਵੀਰਾਂ ਦੀ ਜ਼ੁਬਾਨੀ। ਇਸ ਮੌਕੇ ਰੰਗਾਰੰਗ ਪ੍ਰੋਗਰਾਮ ਤੋਂ ਇਲਾਵਾ ਪ੍ਰਭਾਵਸ਼ਾਲੀ ਤਕਰੀਰਾਂ ਵੀ ਹੋਈਆਂ।**













Pictures' credit Prem K. Chumber (www.deshdoaba.com & www.ambedkartimes.com)

# ਸਾਹਿਬ ਕਾਂਸ਼ੀ ਰਾਮ ਜੀ ਦੇ ਸੰਘਰਸ਼ ਦੀ ਬਦੌਲਤ ਹੀ ਦਲਿਤ ਸਮਾਜ ਇੱਜ਼ਤ ਤੇ ਅਣਖ਼ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ - ਢੰਡਾ

## ਅੰਬੇਡਕਰ ਸੈਨਾ ਨੇ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ

**ਫਗਵਾੜਾ, (ਬੀ.ਕੇ. ਰੱਤੂ)** ਅੰਬੇਡਕਰ ਸੈਨਾ ਪੰਜਾਬ ਵਲੋਂ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ ਹੇਠ ਬਸਪਾ ਦੇ



ਬਾਨੀ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਜਨ ਜਨ ਤੱਕ ਲੈ ਕੇ ਜਾਣ ਵਾਲੇ ਇੱਕਵੀਂ ਸਦੀ ਦੇ ਮਹਾਨ ਯੁੱਗ ਪਲਟਾਊ ਨੇਤਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਪ੍ਰੀ ਨਿਰਵਾਣ ਦਿਵਸ ਸੈਨਾ ਦੇ ਦਫ਼ਤਰ ਸ਼ੂਗਰ ਮਿੱਲ ਚੌਂਕ ਵਿਖੇ ਮਨਾਇਆ ਗਿਆ। ਇਸ ਮੌਕੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫ਼ੁੱਲ ਭੇਂਟ ਕਰਦਿਆਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਨੇ ਪੂਰੇ ਦੇਸ਼ ਅੰਦਰ ਪੈਦਲ ਤੇ ਸਾਈਕਲ 'ਤੇ ਸਫ਼ਰ ਤੈਅ ਕਰਦੇ ਹੋਏ ਸਮੁੱਚੇ ਦਲਿਤ ਸਮਾਜ ਨੂੰ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਮਿਸ਼ਨ ਤੋਂ ਜਾਣੂੰ ਕਰਵਾਉਂਦਿਆਂ ਬਸਪਾ ਨੂੰ ਦੇਸ਼ ਦੀ ਤੀਜੀ ਰਾਸ਼ਟਰੀ ਪਾਰਟੀ ਵਜੋਂ ਮਾਨਤਾ ਦਿਵਾਈ ਅਤੇ ਦੇਸ਼ ਦੇ ਪੱਛੜੇ ਅਤੇ ਦਲਿਤ ਸਮਾਜ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ ਤੇ ਰਾਜ ਸੱਤ੍ਹਾ 'ਚ ਭਾਗੀਦਾਰ ਬਣਨ ਲਈ ਪ੍ਰੇਰਿਤ ਕੀਤਾ। ਢੰਡਾ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਦੀ ਬਦੌਲਤ ਹੀ ਦਲਿਤ ਸਮਾਜ ਇੱਜ਼ਤ ਤੇ ਅਣਖ਼ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਸੁਪਨਾ '' ਦਲਿਤ ਸਮਾਜ ਦੇ ਹੱਥਾਂ 'ਚ ਸੱਤ੍ਹਾ ਦੀ ਚਾਬੀ ਹੋਵੇ'' ਨੂੰ ਪੂਰਾ ਕਰਨ ਲਈ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਬੁਰਾਈਆਂ ਤੋਂ ਬਚਾ ਕੇ ਬਾਬਾ ਸਾਹਿਬ ਤੇ ਕਾਂਸ਼ੀ ਰਾਮ ਜੀ ਦੇ ਮਿਸ਼ਨ ਨਾਲ ਜੋੜਨ ਲਈ ਮਿਹਨਤ ਕਰਨ ਤਾਂ ਜੋ ਦੇਸ਼ ਤਰੱਕੀ ਤੇ ਖ਼ੁਸ਼ਹਾਲੀ ਵੱਲ ਵੱਧ ਸਕੇ। ਇਸ ਮੌਕੇ ਸੂਬਾ ਕਮੇਟੀ ਮੈਂਬਰ ਬਲਵਿੰਦਰ ਬੌਬੀ ਅਤੇ ਕਮਲ ਲੱਖਪੁਰ ਨੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਸ਼ਰਧਾ ਦੇ ਫ਼ੁੱਲ ਭੇਂਟ ਕਰਦਿਆਂ ਕਿਹਾ ਕਿ ਜਿੰਨ੍ਹਾਂ ਚਿਰ ਅਸੀਂ ਬਾਬਾ ਸਾਹਿਬ ਡਾ. ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਨੂੰ ਪੂਰਾ ਨਹੀਂ ਕਰਦੇ ਉਨ੍ਹਾਂ ਚਿਰ ਦਲਿਤ ਤੇ ਪੱਛੜਾ ਸਮਾਜ ਤਰੱਕੀ ਨਹੀਂ ਕਰ ਸਕਦਾ। ਇਸ ਮੌਕੇ ਫਗਵਾੜਾ ਇੰਚਾਰਜ ਪਰਸ ਰਾਮ ਸ਼ਿਵਪੁਰੀ, ਤਰਸੇਮ ਚੁੰਬਰ ਸੀਨੀਅਰ ਆਗੂ, ਹਰਜਿੰਦਰ ਜੰਡਾਲੀ, ਰਾਮ ਲੁਭਾਇਆ ਲੱਖਪੁਰ ਦੋਵੇਂ ਬਲਾਕ ਸੰਮਤੀ ਮੈਂਬਰ, ਪੀ.ਕੇ. ਬੰਗਾ, ਹਰਵਿੰਦਰ ਸੈਣੀ, ਅਮਰਜੀਤ ਕੌਲ, ਜਿੰਦਰ ਰਸੀਲਾ, ਰਾਜੀ ਢੰਡਾ, ਚਰਨਜੀਤ ਪੰਚ, ਬੀਰੂ ਸੰਤੋਖ਼ਪੁਰਾ, ਗਣਪੱਤ ਬਿੱਟੂ, ਸੋਨੂੰ ਮੇਹਲੀ ਤੋਂ ਇਲਾਵਾ ਵੱਡੀ ਗਿਣਤੀ 'ਚ ਸੈਨਾ ਦੇ ਵਰਕਰ ਤੇ ਆਗੂ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਅਤੇ ਮਹਾਨ ਵਿਦਵਾਨ ਗਿ.ਦਿੱਤ ਸਿੰਘ ਜੀ ਦੀ ਬਰਸੀ ਸ਼ਰਧਾ ਪੂਰਵਕ ਮਨਾਈ ਗਈ

ਨਿਊਯਾਰਕ- ਬੀਤੀ 6 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਅਤੇ ਸਿੱਖ ਪੰਥ ਦਾ ਮਹਾਨ ਵਿਦਾਵਨ ਗਿ.ਦਿੱਤ ਸਿੰਘ ਜੀ ਦੀ ਬਰਸੀ ਮਨਾਈ ਗਈ। ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗਿ.ਜੋਗਿੰਦਰ ਸਿੰਘ ਜੀ ਅਤੇ ਗਿ. ਸੁਰਜੀਤ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਗਿ.ਦਿੱਤ ਸਿੰਘ ਜੀ ਦੀ ਵਿਦਵਤਾ ਵਾਰੇ ਇਤਿਹਾਸਕ ਤੱਥ ਸੰਗਤ ਸਾਮ੍ਹਣੇ ਲਿਆਂਦੇ। ਭਾਈ ਬਲਕਾਰ ਸਿੰਘ ਜੀ ਜਲੰਧਰ ਵਾਲਿਆਂ ਨੇ ਕੀਰਤਨ ਕੀਤਾ ਅਤੇ ਢਾਡੀ ਜਥਾ ਗਿ.ਅਵਤਾਰ ਸਿੰਘ ਜੀ ਹੀਰਾ ਜੀ ਨੀ ਢਾਡੀ ਵਾਰਾ ਅਤੇ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।

ਗੁਰੂਘਰ ਦੇ ਵਜੀਰ ਭਾਈ ਅਸ਼ਵਿੰਦਰ ਸਿੰਘ ਜੀ ਨੇ ਅਰਦਾਸ ਅਤੇ ਹੁਕਮਨਾਮਾ ਲੈ ਕੇ ਦੀਵਾਨ ਦੀ ਸਮਾਪਤੀ ਕੀਤੀ ।ਗੁਰੂਘਰ ਦੇ ਜਨਰਲ ਸਕੱਤਰ ਸ੍ਰੀ ਪਰਮਜੀਤ ਲਾਲ ਜੀ ਨੇ ਆਈ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਸੇਵਾ ਬਾ-ਖ਼ੂਬੀ ਨਿਭਾਈ।

# ਕਿਲ੍ਹਾ ਗਵਾਲੀਅਰ ਵਿਖੇ ਤਿੰਨ ਦਿਨਾ 'ਦਾਤਾ ਬੰਦੀ ਛੋੜ ਸਮਾਗਮ' ਸੰਪਨ

ਗਵਾਲੀਅਰ- ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਕੈਦ ਤੋਂ ਮੁਕਤ ਕਰਾਉਣ ਦਾ ਸਲਾਨਾ ਇਤਿਹਾਸਕ ਦਿਹਾੜਾ ਹਰ ਸਾਲ ਦੀ ਤਰ੍ਹਾਂ 'ਦਾਤਾ ਬੰਦੀ ਛੋੜ ਦਿਵਸ' ਦੇ ਰੂਪ ਵਿਚ ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ 2, 3 ਅਤੇ 4 ਅਕਤੂਬਰ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਸਿੱਖ ਸੰਗਤਾਂ ਵੱਲੋਂ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਲਗਾਤਾਰ ਦੋ ਦਿਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ 'ਚ ਵਿਸ਼ੇਸ਼ ਦੀਵਾਨ ਸਜਾਏ ਗਏ, ਜਿਹਨਾਂ ਵਿਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਜੀ ਉਚੇਚੇ ਤੌਰ 'ਤੇ ਪਹੁੰਚੇ।



ਗਿਆਨੀ ਗੁਰਮੁਖ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਹੋਇਆਂ ਕਿਹਾ ਕਿ ਸਾਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੁੱਚੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ, ਜਿਹਨਾਂ ਨੇ ਮਜ਼ਲੂਮਾਂ ਦੀ ਰਾਖੀ, ਜ਼ਾਲਮਾਂ ਦੇ ਨਾਸ਼ ਅਤੇ ਅਜ਼ਾਦੀ ਮਹਿਫ਼ੂਜ਼ ਰੱਖਣ ਲਈ ਤਲਵਾਰ ਚੁੱਕੀ। ਉਹਨਾਂ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਅਣਖ, ਗ਼ੈਰਤ ਅਤੇ ਸਵੈਮਾਣ ਨਾਲ ਜਿਊਣਾ ਸਿਖਾਇਆ ਹੈ ਤੇ ਸਾਨੂੰ ਉਹਨਾਂ ਦੀਆਂ ਸਿੱਖਿਆਵਾਂ 'ਤੇ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ। ਕਾਰ ਸੇਵਾ ਖਡੂਰ ਸਾਹਿਬ (ਜ਼ਿਲ੍ਹਾ ਤਰਨ ਤਾਰਨ) ਦੇ ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਜੋ ਇਸ ਇਤਿਹਾਸਕ ਤੇ ਪਾਵਨ ਅਸਥਾਨ ਦੀ ਸੇਵਾ ਸੰਭਾਲ ਕਰ ਰਹੇ ਹਨ, ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿਚ ਜਿਥੇ ਅਧਿਆਤਮਿਕ ਵਿੱਦਿਆ ਮਨੁੱਖ ਲਈ ਜਰੂਰੀ ਹੈ, ਉਥੇ ਦੁਨਿਆਵੀ ਵਿੱਦਿਆ ਵੀ ਬੇਹੱਦ ਜਰੂਰੀ ਹੈ ਤੇ ਇਹ ਵਿੱਦਿਆ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਹਰ ਹੀਲੇ ਦੇਣੀ ਚਾਹੀਦੀ ਹੈ, ਤਾਂ ਹੀ ਸਾਡੀ ਕੌਮ ਰਸਾਤਲ 'ਚੋਂ ਨਿਕਲ ਕੇ ਬੁਲੰਦੀਆਂ ਨੂੰ ਛੂਹ ਸਕੇਗੀ। ਉਹਨਾਂ ਕਿਹਾ ਕਿ ਕਾਰ ਸੇਵਾ ਖਡੂਰ ਸਾਹਿਬ ਅਧੀਨ ਜੋ ਵਾਤਾਵਰਨ ਮੁੰਹਿਮ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਚਲਾਈ ਜਾ ਰਹੀ ਹੈ, ਉਸ ਵਿਚ ਸਾਰਿਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਲਖਵਿੰਦਰ ਸਿੰਘ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪ੍ਰਸਿੱਧ ਪੰਥਕ ਢਾਡੀ ਗਿਆਨੀ ਨਿਰਮਲ ਸਿੰਘ ਨੂਰ ਦੇ ਢਾਡੀ ਜੱਥੇ ਨੇ ਬੀਰ ਰਸੀ ਵਾਰਾਂ ਸੁਣਾ ਕੇ ਗੁਰੂ ਹਰਗੋਬਿੰਦ ਸਾਹਿਬ ਵਲੋਂ ਸ਼ੁਰੂ ਕੀਤੀ ਢਾਡੀ ਪਰੰਪਰਾ ਨੂੰ ਦ੍ਰਿੜ ਕੀਤਾ। ਇਸ ਤੋਂ ਇਲਾਵਾ ਪੰਥ ਦੇ ਹੋਰ ਵੀ ਪ੍ਰਸਿੱਧ ਰਾਗੀ ਤੇ ਢਾਡੀ ਜੱਥਿਆਂ ਅਤੇ ਗੁਰਮਤਿ ਵਿਦਵਾਨਾਂ ਨੇ ਦੀਵਾਨਾਂ ਵਿਚ ਹਾਜ਼ਰੀਆਂ ਭਰੀਆਂ।

ਜਿਕਰਯੋਗ ਹੈ ਕਿ ਇਸ ਗੁਰਧਾਮ ਦੀ ਉਸਾਰੀ ਦੀ ਸੇਵਾ 1968 ਵਿਚ ਗੁਰਪੁਰਵਾਸੀ ਸੰਤ ਬਾਬਾ ਉੱਤਮ ਸਿੰਘ ਕਾਰ ਸੇਵਾ ਖਡੂਰ ਸਹਿਬ ਵਾਲਿਆਂ ਵੱਲੋਂ ਸ਼ੁਰੂ ਕੀਤੀ ਗਈ ਸੀ ਅਤੇ ਸਿੱਖ ਕੌਮ ਨੇ ਇਸ ਗੁਰਧਾਮ ਨੂੰ ਉਸਾਰਨ ਲਈ ਬਾਬਾ ਉੱਤਮ ਸਿੰਘ ਦੀ ਅਗਵਾਈ ਵਿਚ ਵੱਡਾ ਸੰਘਰਸ਼ ਕੀਤਾ ਸੀ।

ਬਾਬਾ ਉੱਤਮ ਸਿੰਘ ਦੀ ਅਗਵਾਈ ਵਿਚ ਬਾਬਾ ਅਮਰ ਸਿੰਘ ਜੀ ਨੇ ਲੰਮਾ ਸਮਾਂ ਅਸਥਾਨ ਦੀ ਸੇਵਾ ਸੰਭਾਲ ਦਾ ਕਾਰਜ ਨਿਭਾਇਆ। ਅੱਜ ਇਸ ਅਸਥਾਨ 'ਤੇ 6 ਮੰਜਿਲਾ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਵਿਸ਼ਾਲ ਲੰਗਰ ਹਾਲ, ਦੀਵਾਨ ਹਾਲ, ਸਰੋਵਰ, ਸੰਗਤਾਂ ਦੀ ਰਿਹਾਇਸ਼, ਪਾਰਕਿੰਗ ਅਤੇ ਡਾਕਟਰੀ ਸਹੂਲਤਾਂ ਦਾ ਵਿਸ਼ੇਸ਼ ਪ੍ਰਬੰਧ ਹੈ।

# ਅਗਰ ਲੋਕ ਇਕੱਠੇ ਨਾ ਹੋਏ ਤਾਂ ਬਾਦਲ ਸਾਹਿਬ ਨੇ ਧੁੱਪ ਅਤੇ ਬਾਰਿਸ਼ ਤੇ ਵੀ ਟੈਕਸ ਲਗਾ ਦੇਣਾ-ਜਰਨੈਲ ਨੰਗਲ

ਫਗਵਾੜਾ, ( ਬੀ.ਕੇ.ਰੱਤੂ ) ਬਹੁਜਨ ਸਮਾਜ ਪਾਰਟੀ ਵਲੋਂ ਜਰਨੈਲ ਨੰਗਲ ਜਨਰਲ ਸੱਕਤਰ ਬਸਪਾ ਪੰਜਾਬ, ਇੰਚਾਰਜ ਲੋਕ ਸਭਾ ਹੁਸ਼ਿਆਰਪੁਰ ਜੀ ਦੀ ਅਗਵਾਈ ਵਿੱਚ ਏ. ਡੀ. ਸੀ. ਦਫਤਰ ਫਗਵਾੜਾ ਦੇ ਦਫਤਰ ਸਾਹਮਣੇ ਲੋਕ ਮੰਗਾਂ ਨੂੰ ਲੈ ਕੇ ਭੁੱਖ ਹੜ੍ਹਤਾਲ ਸ਼ੁਰੂ ਕੀਤੀ ਗਈ। ਇਸ ਭੁੱਖ ਹੜ੍ਹਤਾਲ ਵਿੱਚ ਸ਼੍ਰੀ ਜਰਨੈਲ ਨੰਗਲ ਦੇ ਨਾਲ ਸ. ਗੁਰਮੁੱਖ ਚਾਨ੍ਹਾ ਪ੍ਰਧਾਨ ਰਾਮਗੜੀਆ ਭਾਈਚਾਰਾ ਲੋਕ ਸਭਾ ਹਲਕਾ ਹੁਸ਼ਿਆਰਪੁਰ, ਕਾਲਾ ਪ੍ਰਭਾਕਰ ਸ਼ਹਿਰੀ ਪ੍ਰਧਾਨ ਫਗਵਾੜਾ, ਸੁਖਵਿੰਦਰ ਸਿੰਘ ਸ਼ੇਰਗਿੱਲ ਮੈਂਬਰ ਪੰਚਾਇਤ ਸੰਮਿਤੀ, ਕੁਲਵਿੰਦਰ ਕੈਂਥ ਲਗਾਤਾਰ 9 ਅਕਤੂਬਰ ਤੱਕ ਬੈਠਣਗੇ ਭੁੱਖ ਹੜ੍ਹਤਾਲ ਸ਼ੁਰੂ ਕਰਵਾਉਣ ਵੇਲੇ ਸ਼੍ਰੀ ਭਗਵਾਨ ਸਿੰਘ ਚੌਹਾਨ ਉਮੀਦਵਾਰ ਲੋਕ ਸਭਾ ਹਲਕਾ ਹੁਸ਼ਿਆਰਪੁਰ (ਬਸਪਾ) ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਸੈਂਕੜੇ ਬਸਪਾ ਵਰਕਰ ਵੀ ਹਾਜ਼ਰ ਸਨ। ਭੁੱਖ ਹੜ੍ਹਤਾਲ ਦੀ ਸ਼ੁਰੂਆਤ ਵੇਲੇ ਸਮੂਹ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦੇ ਹੋਇਆ ਕਿਹਾ ਕਿ ਬਸਪਾ ਨੇ ਲੋਕਾਂ ਦੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪ੍ਰਸਾਸ਼ਨ ਨੂੰ ਪਹਿਲਾਂ ਵੀ ਮੰਗ ਪੱਤਰ ਦਿੱਤੇ ਸਨ। ਪਰ ਲੋਕਾਂ ਦੀਆਂ ਮੰਗਾਂ ਉੱਪਰ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਪਰ ਜੋ ਲੋਕ ਮੰਗਾਂ ਹਨ ਉਹ ਬਿਲਕੁਲ ਜਾਇਜ਼ ਹਨ ਜਿਸ ਵਿੱਚ 1.) ਅਣ-ਅਧਿਕਾਰਤ ਕਲੋਨੀਆਂ ਨੂੰ ਪੱਕਾ ਕਰਨ ਦੇ ਨਾਮ ਤੇ ਹੋ ਰਹੀ ਲੁੱਟ ਨੂੰ ਬੰਦ ਕੀਤਾ ਜਾਵੇ। 2.) ਰੇਤਾ ਬਜ਼ਰੀ ਮਾਫੀਆ ਕੋਲੋਂ ਲੋਕਾਂ ਦੀ ਹੋ ਰਹੀ ਲੁੱਟ ਬੰਦ ਕਰਵਾਈ ਜਾਵੇ। 3.) ਨੈਸ਼ਨਲ ਹਾਈਵੇ ਤੋਂ ਸਿਵਲ ਹਸਪਤਾਲ ਫਗਵਾੜਾ ਨੂੰ ਕਰਾਸਿੰਗ ਦਿੱਤੀ ਜਾਵੇ। 4.) ਐੱਸ.ਸੀ. ਵਿਦਿਆਰਥੀਆਂ ਕੋਲੋਂ ਜ਼ਬਰਦਸਤੀ ਫੀਸਾਂ ਵਸੂਲਣ ਵਾਲੇ ਕਾਲਜਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। 5.) ਗਰੀਬ ਲੋਕਾਂ ਦੇ ਮੁਹੱਲਿਆਂ ਦਾ ਵਿਕਾਸ ਕੀਤਾ ਜਾਵੇ। 6.) ਸਰਕਾਰ ਦੇ ਇਸ਼ਾਰੇ ਤੇ ਦਰਜ਼ ਝੂਠੇ ਪਰਚੇ ਰੱਦ ਕੀਤੇ ਜਾਣ। 7.) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬੰਗਾ ਰੋਡ ਫਗਵਾੜਾ ਦੀ ਨਵੀਂ ਬਿਲਡਿੰਗ ਦੀ ਉਸਾਰੀ ਕਰਵਾਈ ਜਾਵੇ। 8.) ਨਿਊਜ਼ 24 ਚੈਨਲ ਦੀ ਮੈਨਜ਼ਮੈਂਟ ਨੂੰ ਗ੍ਰਿਫਤਾਰ ਕੀਤਾ ਜਾਵੇ।



ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵੀ ਕਿਹਾ ਕਿ ਅਗਰ ਲੋਕ ਇਕੱਠੇ ਨਾ ਹੋਏ ਤਾਂ ਪੰਜਾਬ ਸਰਕਾਰ ਧੁੱਪ ਅਤੇ ਬਾਰਿਸ਼ ਤੇ ਵੀ ਟੈਕਸ ਲਗਾ ਦੇਵੇਗੀ। ਇਹੋ ਜਿਹੀ ਨਿਕੰਮੀ ਅਤੇ ਬੇਈਮਾਨ ਸਰਕਾਰ ਨੂੰ ਜੜ੍ਹੋਂ ਪੁੱਟਣ ਲਈ ਬਹੁਜਨ ਸਮਾਜ ਪਾਰਟੀ ਦਾ ਸਹਿਯੋਗ ਦਿਓ। ਇਸ ਮੌਕੇ ਸ਼੍ਰੀ ਭਗਵਾਨ ਸਿੰਘ ਚੌਹਾਨ ਨੇ ਕਿਹਾ ਕਿ ਗੁਰਬਾਣੀ ਦੇ ਕਥਨ ਵਾਂਗ ਰਾਜੇ ਪਾਪੀ ਬਣ ਗਏ ਹਨ ਅਤੇ ਬਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਉਨ੍ਹਾਂ ਕਿਹਾ ਕਿ ਕਲੋਨੀਆਂ ਕੱਟ ਹੋਣ ਮੌਕੇ ਪੁੱਡਾ ਨੇ ਕਲੋਨਾਈਜ਼ਰ ਕੋਲੋਂ ਪੈਸੇ ਖਾਧੇ , ਰਜਿਸਟਰੀ ਵੇਲੇ ਖਰੀਦ-ਦਾਰ ਕੋਲੋਂ ਪਟਵਾਰੀ, ਤਹਿਸੀਲਦਾਰ ਨੇ ਪੈਸੇ ਖਾਧੇ ਅਤੇ ਹੁਣ ਬਾਦਲ ਸਾਹਿਬ ਸੋਚਦੇ ਹਨ ਕਿ ਮੈਂ ਕਿਸ ਤਰ੍ਹਾਂ ਪਿੱਛੇ ਰਹਿ ਗਿਆ। ਇਸ ਲਈ ਬਾਦਲ ਸਾਹਿਬ ਨੇ ਇਹ ਟੈਕਸ ਲਗਾਇਆ ਹੈ ਜਿਸ ਵਿੱਚ ਸੋਮ ਪ੍ਰਕਾਸ਼ ਦਾ ਬਹੁਤ ਵੱਡਾ ਹੱਥ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਆਪਣੇ ਹੱਕਾਂ ਦੀ ਰਖਵਾਲੀ ਲਈ ਬਹੁਜਨ ਸਮਾਜ ਪਾਰਟੀ ਦਾ ਸਾਥ ਦਿਓ, ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਮੂਰਤੀ, ਹਰਭਜਨ ਖਲਵਾੜਾ ਮੈਂਬਰ ਜ਼ਿਲ੍ਹਾਂ ਪ੍ਰੀਸ਼ਦ, ਅਮਰਜੀਤ ਖੁੱਤਣ, ਰਾਮ ਲੁਭਾਇਆ ਲੱਖਪੁਰ, ਵਿਜੈ ਪੰਡੋਰੀ, ਦੇਸ ਰਾਜ ਕਾਂਸ਼ੀ ਨਗਰ ਸਾਰੇ ਮੈਂਬਰ ਪੰਚਾਇਤ ਸੰਮਿਤੀ, ਕ੍ਰਿਸ਼ਨਾ ਕੈਂਥ ਚੇਅਰਪ੍ਰਸਨ ਬਲਾਕ ਸੰਮਿਤੀ, ਰਚਨਾ ਦੇਵੀ, ਸੁਨੀਤਾ ਨੰਗਲ, ਰਮੇਸ਼ ਕੌਲ ਅਤੇ ਤੇਜਪਾਲ ਬਸਰਾ, ਦੋਨੋਂ ਸਾਬਕਾ ਐੱਮ.ਸੀ., ਪਰਮਿੰਦਰ ਬੋਧ, ਜਗਜੀਵਨ ਡੁਮੇਲੀ, ਬਿਬੇਕ ਸੁਭਾਸ਼ ਨਗਰ, ਸੁਰਜੀਤ ਕਾਲਾ, ਚਰਨਜੀਤ ਚਿਹੇੜੂ, ਬੇਅੰਤ ਰਾਜ ਬਾਵਾ, ਮੋਹਣ ਖਲਵਾੜਾ, ਪਰਦੀਪ ਮੱਲ ਆਦਿ ਬਸਪਾ ਵਰਕਰ ਹਾਜ਼ਰ ਸਨ।

# ਭਾਰਤ ਵਰਗੇ ਵਿਸ਼ਾਲ ਦੇਸ਼ 'ਚ ਬਾਲ ਮਜ਼ਦੂਰੀ ਮੁੱਖ ਸਮੱਸਿਆ ਦੇ ਰੂਪ ਵਿੱਚ ਉਭਰਕੇ ਸਾਹਮਣੇ ਆਈ

ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ)- ਭਾਰਤ ਵਰਗੇ ਦੁਨੀਆਂ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਲੋਕਤੰਤਰ ਵਿੱਚ ਬਾਲ ਮਜ਼ਦੂਰੀ ਇੱਕ ਮੁੱਖ ਸਮੱਸਿਆ ਦੇ ਰੂਪ ਵਿੱਚ ਉਪਰ ਕੇ ਸਾਹਮਣੇ ਆਈ ਹੈ। ਸਮਾਜ ਨੂੰ ਬਾਲ ਮਜ਼ਦੂਰੀ ਦੇ ਸਰਾਪ ਤੋਂ ਮੁਕਤ ਕਰਨ ਅਤੇ ਬਾਲ ਮਜ਼ਦੂਰੀ ਵਿਰੁੱਧ ਬਣੇ ਵੱਖ-ਵੱਖ ਕਾਨੂੰਨਾਂ ਸਬੰਧੀ ਜਾਗਰੂਕਤਾ ਦੀ ਮੁਹਿੰਮ ਚਲਾਉਣ ਲਈ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੇ ਚੇਅਰਮੈਨ ਸ੍ਰੀ ਜੀ ਕੇ ਧੀਰ ਦੀ ਅਗਵਾਈ ਹੇਠ ਬਾਲ ਮਜ਼ਦੂਰੀ ਸਬੰਧੀ ਸਰਕਾਰੀ ਹਾਈ ਸਕੂਲ ਬਹਾਦਰਪੁਰ ਬਾਹੀਆਂ ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪਿੰਡ ਬਸੀ ਹਸਤ ਖਾਂ, ਬਸੀ ਦੌਲਤ ਖਾਂ, ਮਲਮਜਾਰਾ, ਮੰਨਣ ਅਤੇ ਰੱਖੜ ਦੇ ਸਕੂਲੀ ਬੱਚਿਆਂ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ। ਬਾਲ ਮਜ਼ਦੂਰੀ ਬਾਰੇ ਜਾਣਕਾਰੀ ਦਿੰਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਸ੍ਰੀਮਤੀ ਰਸ਼ਮੀ ਸ਼ਰਮਾ ਨੇ ਦੱਸਿਆ ਕਿ ਅੱਜ ਦੇ ਬੱਚੇ ਕੱਲ੍ਹ ਦੇ ਨਾਗਰਿਕ ਅਤੇ ਆਉਣ ਵਾਲੇ ਸਮੇਂ ਦਾ ਭਵਿੱਖ ਹਨ ਜਿਨ੍ਹਾਂ ਦੇ ਮੋਢਿਆ ਤੇ ਸਮਾਜ ਅਤੇ ਦੇਸ਼ ਦੀ ਸੁਚੱਜੀ ਬਣਤਰ ਦਾ ਭਾਰ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਪਹਿਲਾਂ ਇੰਪਲਾਈਮੈਂਟ ਆਫ਼ ਚਿਲਡਰਨ ਐਕਟ ਲਾਗੂ ਕੀਤਾ ਗਿਆ ਸੀ ਜਿਸ ਅਧੀਨ ਵੱਖ-ਵੱਖ ਰੂਲਜ਼ ਕੰਮ ਕਰਨ ਵਾਲੇ ਬੱਚਿਆਂ ਸਬੰਧੀ ਬਣਾਏ ਗਏ ਸਨ। ਇਸ ਵਿੱਚ ਕੁਝ ਖਾਮੀਆਂ ਹੋਣ ਕਾਰਨ ਇਹ ਜਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ। ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਬਾਲ ਮਜ਼ਦੂਰੀ ਦੀ ਰੋਕਥਾਮ ਲਈ 1986 ਵਿੱਚ ਚਾਈਲਡ ਲੇਬਰ ਪਰੋਹੀਬੀਸ਼ਨ ਅਤੇ ਰੈਗੂਲੇਸ਼ਨ ਐਕਟ ਬਣਾਇਆ ਗਿਆ। ਇਸ ਕਾਨੂੰਨ ਦੇ ਤਹਿਤ ਕੋਈ ਵੀ ਲੜਕਾ / ਲੜਕੀ ਜਿਸ ਦੀ ਉਮਰ 14 ਸਾਲ ਤੋਂ ਘੱਟ ਹੈ 'ਬੱਚੇ ਦੀ ਪ੍ਰੀਭਾਸ਼ਾ ਹੇਠ ਆਉਂਦਾ ਹੈ' ਸਬੰਧੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਸ ਕਾਨੂੰਨ ਅਨੁਸਾਰ ਕੰਮ ਤੇ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਇਸ ਕਾਨੂੰਨ ਤਹਿਤ ਦਿੱਤੀਆਂ ਜਾਣ ਵਾਲੀਆਂ ਸਜਾਵਾਂ ਉਪਰ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ 3 ਮਹੀਨੇ ਤੋਂ ਲੈ ਕੇ 2 ਸਾਲ ਦੀ ਸਜਾ ਅਤੇ 2000 ਰੁਪਏ ਜੁਰਮਾਨਾ ਹੋ ਸਕਦਾ ਹੈ।




ਸ੍ਰੀ ਅਜੇ ਕੁਮਾਰ ਵਕੀਲ ਨੇ ਸੂਚਨਾ ਦੇ ਅਧਿਕਾਰ, ਪਬਲਿਕ ਇਨਫਾਰਮੇਸ਼ਨ ਅਫ਼ਸਰ, ਸਰਕਾਰੀ ਅਦਾਰਿਆਂ ਤੋਂ ਆਰ ਟੀ ਆਈ ਰਾਹੀਂ ਸੂਚਨਾ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਪੈਰਾ ਲੀਗਲ ਵਲੰਟੀਅਰ ਸ੍ਰੀ ਪ੍ਰਸ਼ਾਂਤ ਨੇ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਦੱਸਿਆ । ਇਸ ਮੌਕੇ ਸਕੂਲ ਵਿੱਚ ਇੱਕ ਲੀਗਲ ਏਡ ਕਲੀਨਿਕ ਦੀ ਸਥਾਪਨਾ ਵੀ ਕੀਤੀ ਗਈ ਜਿਸ ਨੂੰ ਸੁਚਾਰੂ ਰੂਪ ਨਾਲ ਚਲਾਉਣ ਦੀ ਜਿੰਮੇਵਾਰੀ ਸਕੂਲ ਦੇ ਵਲੰਟੀਅਰ ਅਧਿਆਪਕਾਂ ਨੂੰ ਦਿੱਤੀ ਗਈ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮ੍ਰਿਧੂਲਾ ਸ਼ਰਮਾ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਉਪਰਾਲੇ ਦੀ ਪ੍ਰਸੰਸਾ ਕਰਦੇ ਹੋਏ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਮਾਰੋਹਾਂ ਵਿੱਚ ਵੱਧ ਤੋਂ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਸੰਤ ਜਵਾਲਾ ਸਿੰਘ ਜੀ ਦੀ ਬਰਸੀ ਮੌਕੇ ਨਿਰਮਲਾ ਸੰਤ ਮੰਡਲ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਅਹਿਦ

## ਆਲਮੀ ਤਪਸ਼ ਦੇ ਹੱਲ ਦਾ ਰਸਤਾ ਸ਼੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ- ਸੰਤ ਸੀਚੇਵਾਲ


ਹੁਸ਼ਿਆਰਪੁਰ- ਨਿਰਮਲ ਕੁਟੀਆ ਡੇਰਾ ਸੰਤ ਹਰਨਾਮ ਸਿੰਘ ਜੀ ਪਿੰਡ ਜਿਆਣ ਵਿਖੇ ਸੰਤ ਬਾਬਾ ਬਲਵੀਰ ਸਿੰਘ ਰੱਬ ਜੀ ਦੀ ਅਗਵਾਈ ਹੇਠ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਮਨਾਈ ਗਈ। ਸਲਾਨਾ ਬਰਸੀ ਮੌਕੇ ਨਿਰਮਲਾ ਸੰਤ ਮੰਡਲ ਪੰਜਾਬ ਵੱਲੋਂ ਸੂਬੇ ਦੇ ਦਿਨੋਂ ਦਿਨ ਵਿਗੜ ਰਹੇ ਵਾਤਾਵਰਣ ਦੀ ਸ਼ੁਧਤਾ ਲਈ ਅਹਿਦ ਕੀਤਾ ਗਿਆ। ਨਿਰਮਲਾ ਸੰਤ ਮੰਡਲ ਦੇ ਸਰਪ੍ਰਸਤ ਤੇ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਨੇ ਇਸ ਸਮਾਗਮ 'ਚ ਸ਼ਾਮਿਲ ਹੋਰ ਸੰਤਾਂ ਮਹਾਂਪੁਰਸ਼ਾ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਣ ਦੀ ਗੰਭੀਰ ਹੁੰਦੀ ਜਾ ਰਹੀ ਸਮੱਸਿਆਂ ਨੂੰ ਇੱਕਜੁਟਤਾ ਨਾਲ ਹੱਲ ਕਰਨ ਲਈ ਅੱਗੇ ਆਉਣ ਤੇ ਇਸ 'ਤੇ ਪਹਿਰਾ ਦੇਣ ਦਾ ਐਲਾਨ ਕੀਤਾ । ਉਨ੍ਹਾਂ ਕਿਹਾ ਕਿ ਨਿਰਮਲ ਸੰਪ੍ਰਦਾ ਨਾਲ ਜੁੜੇ ਸਾਧੂ ਸੰਤਾਂ ਨੇ ਹਮੇਸ਼ਾ ਹਾਂ ਪੱਖੀ ਭੂਮਿਕਾ ਨਿਭਾਈ ਹੈ। ਨਿਰਮਲਾ ਸੰਤ ਮੰਡਲ ਨੇ ਸੂਬੇ ਵਿੱਚ ਵਾਤਾਵਰਣ,ਸਿੱਖਿਆ ਤੇ ਨਸ਼ਾਖੋਰੀ ਵਿਰੁੱਧ ਯੋਜਨਾਵੱਧ ਲਹਿਰ ਚਲਾਉਣ ਦਾ ਵੀ ਫੈਸਲਾ ਕੀਤਾ। ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਅੱਜ ਸਮੁੱਚੀ ਦੁਨੀਆਂ ਆਲਮੀ ਤਪਸ਼ ਵਰਗੀ ਗੰਭੀਰ ਸਮੱਸਿਆ ਨਾਲ ਜੂਝ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਲਮੀ ਤਪਸ਼ ਦਾ ਰਾਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਸਲੋਕ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।। 'ਚ ਹੀ ਦੱਸ ਦਿੱਤਾ ਸੀ। ਉਨ੍ਹਾਂ ਕਿਹਾ ਅੱਜ ਪੰਜਾਬ ਦੀ ਹਵਾ,ਪਾਣੀ ਪਲੀਤ ਹੋ ਚੁੱਕੇ ਹਨ ਤੇ ਧਰਤੀ ਮਾਂ ਦੀ ਕੁੱਖ 'ਚ ਜ਼ਹਿਰਾਂ ਪਾਕੇ ਇਸ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਪੰਜਾਬ ਦੇ ਪਵਿੱਤਰ ਦਰਿਆ ਗੰਦੇ ਨਾਲਿਆਂ 'ਚ ਬਦਲਦੇ ਜਾ ਰਹੇ ਹਨ।ਪੰਜਾਬ ਕੈਂਸਰ ਵਾਲਾ ਸੂਬਾ ਬਣਦਾ ਜਾ ਰਿਹਾ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦਾ ਹੁਣ ਕੋਈ ਵੀ ਅਜਿਹਾ ਪਿੰਡ ਨਹੀਂ ਬੱਚਿਆ ਜਿੱਥੇ ਕੈਂਸਰ ਦੇ ਮਰੀਜ਼ ਨਾ ਹੋਣ।ਉਨ੍ਹਾਂ ਕਿਹਾ ਕਿ ਮਨੁੱਖੀ ਲਾਲਚ ਵੱਸ ਧਰਤੀ ਹੇਠਲਾ ਪਾਣੀ ਵੀ ਗੰਦਾ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਸਾਰਾ ਕੁਝ ਚੱਲਦਾ ਰਿਹਾ ਤਾਂ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਦੇ ਕੇ ਜਾਵਾਗੇ ਇਹ ਸੋਚਣ ਦੀ ਲੋੜ ਹੈ।ਉਨ੍ਹਾਂ ਕਿਹਾ ਸੰਤ ਸਮਾਜ ਦਾ ਇਹ ਫਰਜ਼ ਤੇ ਧਰਮ ਬਣਦਾ ਹੈ ਕਿ ਜਦੋਂ ਸਮਾਜ 'ਚ ਕੁਰੀਤੀਆਂ ਆ ਜਾਣ ਤਾਂ ਉਨ੍ਹਾਂ ਨੂੰ ਦੂਰ ਕਰਨ ਲਈ ਲੋਕਾਂ ਦੀ ਅਗਵਾਈ ਕਰਨ। ਉਨ੍ਹਾਂ ਕਿਹਾ ਦੱਸਿਆ ਕਿ ਗੁਰਬਾਣੀ ਹੀ ਕੁਦਰਤ ਨਾਲ ਪ੍ਰੇਮ ਪਿਆਰ ਕਰਵਾਉਣਾ ਸਿਖਾਉਂਦੀ ਹੈ।ਉਨ੍ਹਾਂ ਕਿਹਾ ਜਿੰਨ੍ਹਾਂ ਮਨੁੱਖ ਕੁਦਰਤ ਦੇ ਨੇੜੇ ਰਹੇਗਾ ਉਨ੍ਹਾਂ ਹੀ ਸੁਖੀ ਰਹੇਗਾ। ਸੰਤ ਸੀਚੇਵਾਲ ਨੇ ਕਿਹਾ ਕਿ ਕੁਦਰਤ ਨਾਲ ਛੇੜ-ਛਾੜ ਕਰਕੇ ਮਨੁੱਖ ਨੇ ਹਮੇਸ਼ਾਂ ਹੀ ਤਬਾਹੀ ਦਾ ਸੱਦਾ ਦਿੱਤਾ ਹੈ।



# ਰਾਜਨ ਨਿਊਜ਼ ਏਜੰਸੀ ਦੇ ਮਾਲਿਕ ਰਾਜ ਕੁਮਾਰ ਰਾਜਨ ਨੂੰ ਸਦਮਾ

## ਇੱਕਲੌਤੇ ਪੁੱਤਰ ਰਜਿੰਦਰ ਮਹੇ ਦੀ ਸੜਕ ਹਾਦਸੇ 'ਚ ਮੌਤ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਮਾਹਿਲਪੁਰ ਤੋਂ ਨਿਊਜ਼ ਏਜੰਸੀ ਦੇ ਮਾਲਿਕ ਰਾਜ ਕੁਮਾਰ ਰਾਜਨ ਮਹੇ ਨੂੰ ਬੀਤੀ ਸ਼ਾਮ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਇੱਕਲੌਤੇ ਪੁੱਤਰ ਰਜਿੰਦਰ ਰਾਜਨ ਮਹੇ (21) ਦੀ ਬਨੂੜ ਸ਼ਹਿਰ ਦੇ ਨੇੜੇ ਸੜਕ ਹਾਦਸੇ ਵਿਚ ਮੌਤ ਹੋ ਗਈ।



ਰਾਜ ਕੁਮਾਰ ਰਾਜਨ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮਿਲ ਕੇ ਵਾਪਿਸ ਜਾ ਰਿਹਾ ਸੀ ਅਤੇ ਉਕਤ ਸਥਾਨ ਦੇ ਨੇੜੇ ਇੱਕ ਵਾਹਨ ਨਾਲ ਟਕਾਰਉਣ ਤੇ ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਸ਼੍ਰੀ ਰਾਜਨ ਨਾਲ ਚੰਡੀਗੜ੍ਹ ਪੰਜਾਬ ਸੂਨੀਅਨ ਆਫ਼ ਜਰਨਲਿਸਟ, ਪ੍ਰੈਸ ਕਲੱਬ ਮਾਹਿਲਪੁਰ, ਧਾਰਮਿਕ, ਸਮਾਜਿਕ ਅਤੇ ਹੋਰ ਸਮਾਜ ਸੇਵੀ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਰਜਿੰਦਰ ਰਾਜਨ ਆਪਣੇ ਘਰ ਦਾ ਇਕਲੌਤਾ ਚਿਰਾਗ ਸੀ ਅਤੇ ਬਨੂੜ ਲਾਗੇ ਘੜੂੰਆਂ ਕੈਂਪਸ ਵਿਚ ਕੰਪਿਊਟਰ ਇੰਜੀਨਿਅਰ ਦਾ ਕੋਰਸ ਕਰ ਰਿਹਾ ਸੀ। ਇਸ ਹਾਦਸੇ ਦਾ ਪਤਾ ਲੱਗਦੇ ਹੀ ਇਲਾਕੇ ਵਿਚ ਸੋਗ ਦੀ ਲਹਿਰ ਪੈਦਾ ਹੋ ਗਈ। ਬੀਤੀ ਸ਼ਾਮ ਮ੍ਰਿਤਕ ਲੜਕੇ ਦਾ ਸਸਕਾਰ ਕਰ ਦਿੱਤਾ ਗਿਆ ।ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਸਿਆਸੀ ਸ਼ਖਸ਼ੀਅਤਾਂ, ਪੱਤਰਕਾਰ ਅਤੇ ਸਮਾਜਿਕ ਜਥੇਬੰਦੀਆਂ ਦੇ ਲਗਭਗ 3000 ਤੋਂ ਵੱਧ ਲੋਕ ਹਾਜ਼ਰ ਸਨ।

# ਗੋਲਡਨ ਪੰਜਾਬ ਕਲੱਬ ਵਲੋਂ ਕਰਵਾਏ ਜਾ ਰਹੇ ਰੰਗਾ-ਰੰਗ ਪ੍ਰੋਗਰਾਮ 'ਰੂਪ ਪੰਜਾਬਣ' ਦੀਆਂ ਤਿਆਰੀਆਂ ਮੁਕੰਮਲ

ਯੂਨੀਅਨ ਸਿਟੀ: ਗੋਲਡਨ ਪੰਜਾਬ ਕਲੱਬ ਵਲੋਂ ਯੂਨ-ੀਅਨ ਸਿਟੀ ਸਪੋਰਟਸ ਸੈਂਟਰ, 31224 Union City Blvd. Union City 95487 ਵਿਖੇ 19 ਅਕਤੂਬਰ 2013 ਨੂੰ ਸ਼ਾਮ 3:00-8:00 ਤੱਕ ਕਰਵਾਏ ਜਾ ਰਹੇ ਨਿਵੇਕਲੇ ਰੰਗਾ-ਰੰਗ ਪ੍ਰੋਗਰਾਮ 'ਰੂਪ ਪੰਜਾਬਣ' ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਪ੍ਰੋਗਰਾਮ ਵਿਚ ਗੀਤ-ਸੰਗੀਤ, ਸਕਿੱਟਾਂ ਅਤੇ ਗਿੱਧੇ ਦੀਆਂ ਧਮਾਲਾਂ ਦੇ ਨਾਲ-ਨਾਲ ਡੀ.ਜੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਪੰਜਾਬੀ ਸੂਟਾਂ ਵਿਚ ਸੱਜੀਆਂ ਤਿੰਨ ਸੁੰਦਰ ਪੰਜਾਬਣਾਂ ਦੀ ਚੋਣ ਹੋਵੇਗੀ।

ਪ੍ਰੋਗਰਾਮ ਦਾ ਮੰਚ ਸੰਚਾਲਨ ਨੀਲਮ ਸੈਣੀ ਵਲੋਂ ਕੀਤਾ ਜਾਵੇਗਾ।

ਕਲੱਬ ਦੀ ਮੈਂਬਰ ਪ੍ਰਸਿੱਧ ਲੋਕ ਗਾਇਕਾ ਸੁਖਵੰਤ ਸੁੱਖੀ ਵੀ ਇਸ ਸਮਾਗਮ ਵਿਚ ਸ਼ਿਰਕਤ ਕਰੇਗੀ। ਇਸ ਤੋਂ ਇਲਾਵਾ ਕੱਪੜੇ, ਗਹਿਣੇ ਅਤੇ ਮਹਿੰਦੀ ਦੇ ਸਟਾਲ ਲੱਗਣਗੇ। ਖਾਣੇ ਦਾ ਸਟਾਲ Lotus Indian Express ਦਾ ਹੈ। ਇਸ ਸਮੁੱਚੇ ਪ੍ਰੋਗਰਾਮ ਨੂੰ ਸੁਨੀਤਾ ਚੋਪੜਾ ਵਲੋਂ ਕੈਮਰਾ ਬੰਦ ਕੀਤਾ ਜਾਵੇਗਾ। ਕਲੱਬ ਦੇ ਪ੍ਰਧਾਨ ਸ. ਦਰਸ਼ਨ ਸਿੰਘ ਔਜਲਾ ਨੇ ਦੱਸਿਆ ਕਿ ਟਿਕਟਾਂ ਰੌਸ਼ਨੀ, ਸੰਗਰਾਮ ਪੈਲੇਸ, ਕੈਸ਼ ਫ਼ੈਬਰਿਕ, ਸ਼ਾਲੀਮਾਰ , ਹੇਵਨ ਬਿਊਟੀ ਸਪਾਟ ਯੂਨੀਅਨ ਸਿਟੀ ਆਦਿ ਭਾਰਤੀ ਸਟੋਰਾਂ ਤੇ ਰੱਖ ਦਿੱਤੀਆਂ ਗਈਆਂ ਹਨ। Fremont Tutorial Home ਵਲੋਂ ਹਰ ਕਲਾਸ ਵਾਸਤੇ Math, English, Writing, SAT ਅਤੇ AP ਕੋਰਸਾਂ ਦੀ ਜਾਣਕਾਰੀ ਦਿੱਤੀ ਜਾਵੇਗੀ।

ਯੂਨੀਅਨ ਸਿਟੀ ਅਤੇ ਨੇੜੇ ਦੇ ਇਲਾਕਿਆਂ ਦੀਆਂ ਪੰਜਾਬਣਾਂ ਦੀ ਪੁਰਜ਼ੋਰ ਮੰਗ ਤੇ ਕਰਵਾਇਆ ਜਾ ਰਿਹੇ ਇਸ ਪ੍ਰੋਗਰਾਮ ਦਾ ਸਮਾਂ ਇਕ ਘੰਟਾ ਵਧਾ ਦਿੱਤਾ ਗਿਆ ਹੈ। ਇਹ ਪ੍ਰੋਗਰਾਮ ਨਿਰੋਲ ਔਰਤਾਂ ਲਈ ਹੋਵੇਗਾ। ਟਿਕਟ ਦੀ ਕੀਮਤ ਦਸ ਡਾਲਰ ਹੈ। ਛੇ ਸਾਲ ਜਾਂ ਇਸ ਤੋਂ ਘੱਟ ਉਮਰ ਦੀਆਂ ਬੱਚੀਆਂ ਦਾ ਦਾਖ਼ਲਾ ਮੁਫ਼ਤ ਹੋਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ: ਨੀਲਮ ਸੈਣੀ 510-502-0551 ਜਾਂ ਡਾ। ਬਲਜੀਤ ਜੰਮੂ ਕਾਇਰੋਪ੍ਰੈਕਟਿਕ 510-343-4162
ਰਿਪੋਰਟ: ਪ੍ਰੋ. ਬਲਜਿੰਦਰ ਸਿੰਘ ਸਵੈਚ, ਜਨਰਲ ਸਕੱਤਰਗੋਲਡਨ ਪੰਜਾਬ ਕਲੱਬ

# ਵੀਜ਼ਾ ਬੁਲਿਅਟਨ ਭਾਰਤ ਨਵੰਬਰ 2013

| ਸ਼੍ਰੇਣੀ | ਤਾਰੀਕਾਂ |
|---|---|
| 1. ਅਮਰੀਕਨ ਨਾਗਰਿਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ | 22 ਅਕਤੂਬਰ 2006 |
| 2ੳ. ਪਕੇ ਵਸਨੀਕਾਂ ਦੇ ਪਤੀ / ਪਤਨੀ ਤੇ ਬਚੇ | 08 ਸਤੰਬਰ 2013 |
| 2ਅ. ਪਕੇ ਵਸਨੀਕਾਂ ਦੇ ਅਣਵਿਆਹੇ ਬੇਟੇ ਤੇ ਬੇਟੀਆਂ | 22 ਮਾਰਚ 2006 |
| 3. ਅਮਰੀਕਨ ਨਾਗਰਿਕਾਂ ਦੇ ਵਿਆਹੇ ਬੇਟੇ ਤੇ ਬੇਟੀਆਂ | 08 ਫਰਵਰੀ 2003 |
| 4. ਅਮਰੀਕਨ ਨਾਗਰਿਕਾਂ ਦੇ ਭੈਣ ਤੇ ਭਰਾ | 22 ਅਗਸਤ 2001 |

ਸਪੈਸ਼ਲ ਨੋਟ: ਵੀਜਿਆਂ ਦਾ ਪਿਛਲੇ ਸਾਲਾਂ ਦੇ ਪ੍ਰਾਪਤ ਕਰਨ ਵਾਲੇ ਰਹਿ ਗਏ ਉਮੀਦਵਾਰਾਂ ਨੂੰ ਪਹਿਲ ਦੇਣ ਲਈ ਸਾਰਿਆਂ ਵੀਜਿਆਂ ਦੀਆਂ ਕੈਟਾਗਰੀਆਂ ਦਾ ਸਮਾਂ ਪਿਛੇ ਗਿਆ ਹੈ, ਜੇਕਰ ਕਿਸੇ ਪਾਠਕ ਨੂੰ ਪ੍ਰਸ਼ਨ ਹੋਵੇ ਤਾਂ ਇਮੀਗ੍ਰੇਸ਼ਨ ਵਿਭਾਗ ਨੂੰ ਫੋਨ ਕਰ ਸਕਦਾ ਹੈ

ਨੋਟ: ਜੇਕਰ ਕਿਸੇ ਪਾਠਕ ਦਾ ਪ੍ਰਸ਼ਨ ਹੋਵੇ ਤਾਂ ਦਿਤੇ ਈਮੇਲ ਐਡਰੈਸ ਤੇ ਆਪਣਾ ਸਵਾਲ ਵੇਰਵੇ ਸਹਿਤ ਫੋਨ ਨੰਬਰ ਸਮੇਤ ਭੇਜੋ ਸਿਰਫ ਉਨਾਂ ਈਮੇਲ ਦਾ ਜੁਆਬ ਦਿਤਾ ਜਾਵੇਗਾ ਜਿਨ੍ਹਾਂ ਵਿਚ ਨਾਂ ਤੇ ਫੋਨ ਨੰਬਰ ਦਿਤਾ ਹੋਵੇਗਾ, ਜੇਕਰ ਕਿਸੇ ਪਾਠਕ ਨੇ ਫੋਨ ਤੇ ਗਲਬਾਤ ਕਰਨੀ ਤਾਂ ਸਿਰਫ ਸ਼ਨੀਵਾਰ ਜਾਂ ਐਤਵਾਰ ਫੋਨ ਕਰੋ 408-449-9388

dhillonjaspal@hotmail.com



JASPAL SINGH DHILLON
NOTARY -PUBLIC
(408) 449-9388
dhillonjaspal@hotmail.com
www.dhillonservices.us
I am not an attorney & can't give any legal advice.

# ਯਾਦਗਾਰੀ ਹੋ ਨਿੱਬੜਿਆ ਇੰਡੋ ਅਮੈਰਿਕਨ ਕਲਚਰਲ ਐਂਡ ਸਪੋਰਟਸ ਸੁਸਾਇਟੀ ਵੱਲੋਂ ਮਨਾਇਆ ਗਦਰ ਲਹਿਰ ਨੂੰ ਸਮਰਪਿਤ ਗਦਰੀ ਮੇਲਾ

ਯੂਨੀਅਨ ਸਿਟੀ- ਬੀਤੇ ਐਤਵਾਰ ਇੱਥੇ ਗਦਰੀ ਮੇਲੇ ਦਾ ਪ੍ਰਬੰਧ ਇੰਡੋ ਅਮੈਰਿਕਨ ਕਚਲਰਲ ਐਂਡ ਸਪੋਰਟਸ ਐਸੋਸੀਏਸ਼ਨ ਵੱਲੋਂ ਕੀਤਾ ਗਿਆ, ਜਿਸ ਵਿਚ ਫੁਟਬਾਲ, ਫੀਲਡ ਹਾਕੀ ਤੇ ਕਬੱਡੀ ਦੇ 21 ਸਾਲ ਤੋਂ ਛੋਟੇ ਬੱਚਿਆਂ ਦੇ ਮੈਚ ਹੋਏ। ਕਬੱਡੀ ਦੇ ਮੈਚਾਂ ਲਈ ਤਿੰਨ ਟੀਮਾਂ ਪਹੁੰਚੀਆਂ ਤੇ ਫੁਟਬਾਲ ਦੀਆਂ 8 ਟੀਮਾਂ ਆਈਆਂ ਅਤੇ ਫੀਲਡ ਹਾਕੀ ਦੀਆਂ ਟੀਮਾਂ ਨੇ ਬਹੁਤ ਚੰਗੇ ਮੈਚ ਖੇਡ ਕੇ ਚੰਗੀ ਖੇਡ ਦਿਖਾਈ। ਫੁਟਬਾਲ ਤੇ ਕਬੱਡੀ ਦੇ ਮੈਚਾਂ ਨੇ ਵੀ ਚੰਗਾ ਦਿਖਾਵਾ ਕੀਤਾ। ਪ੍ਰੋ. ਵੇਦ ਪ੍ਰਕਾਸ਼ ਵਟਕ ਦੀ ਲਿਖੀ (ਹਿੰਦੀ ਵਿਚ) ਗਦਰ ਲਹਿਰ ਬਾਰੇ ਕਿਤਾਬ ਮੇਲੇ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਸ. ਮਹਿੰਗਾ ਸਿੰਘ ਸੰਧੂ (ਸਰਪੰਚ) ਨੇ ਰਿਲੀਜ਼ ਕੀਤੀ। ਗੁਰਦੀਪ ਸਿੰਘ ਅਣਖੀ ਨੇ ਗਦਰ ਲਹਿਰ ਤੇ ਖੁੱਲ੍ਹ ਕੇ ਚਾਨਣਾ ਪਾਇਆ। ਸਟੇਜ ਦਾ ਪ੍ਰਬੰਧ ਬੀਬੀ ਆਸ਼ਾ ਸ਼ਰਮਾ ਨੇ ਕੀਤਾ, ਜਿਸ ਤੇ ਗਿੱਧੇ ਭੰਗੜਿਆਂ ਤੋਂ ਇਲਾਵਾ ਜਤਿੰਦਰ ਜਰਗੀਆ ਤੇ ਕੈਲੇਫੋਰਨੀਆ ਸੰਗੀਤ ਗਰੁੱਪ ਵੱਲੋਂ ਅਨੂਪ ਸਿੰਘ ਚੀਮਾ ਨੇ ਗਾਇਕੀ ਵਿਚ ਚੰਗਾ ਰੰਗ ਬੰਨ੍ਹਿਆ ਤੇ ਬਹੁਤ ਸਾਰੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸੀ.ਪੀ. ਕੈਰੀਅਰ ਵੱਲੋਂ ਮਿੱਠੂ ਮਾਸਟਰ- ਬਿੱਟੂ ਹੋਰ ਸਾਰੇ ਗਰੁੱਪ ਨੇ ਚਾਹ ਪਕੌੜਿਆਂ ਦਾ ਲੰਗਰ ਲਾਇਆ। ਦੂਸਰੇ ਪਾਸੇ ਲੰਗਰ ਵਿਚ ਪੂਰੀਆਂ ਛੋਲੇ ਤੇ ਹੋਰ ਕਈ ਖਾਣ ਵਾਲੇ ਪਦਾਰਥਾਂ ਦਾ ਲੰਗਰ ਭਾਈ ਕਨ੍ਹਈਆ ਸੇਵਾ ਸੁਸਾਇਟੀ ਵੱਲੋਂ ਡਾ. ਹਰਭਜਨ ਸਿੰਘ ਫੁੱਲ, ਸ. ਪ੍ਰਕਾਸ਼ ਸਿੰਘ, ਅਮਰ ਸਿੰਘ ਮੱਲ੍ਹੀ, ਅਰਜਨ ਸਿੰਘ ਮੱਲ੍ਹੀ, ਹਰਦੇਵ ਸਿੰਘ ਮੱਲ੍ਹੀ, ਅਮਰੀਕ ਸਿੰਘ ਮੱਲ੍ਹੀ, ਮੋਹਨ ਸਿੰਘ ਮੱਲ੍ਹੀ ਤੇ ਪੰਜਾਬੀ ਢਾਬੇ ਦੇ ਮਾਲਕ ਸਿਕੰਦਰ ਸਿੰਘ ਗਰੇਵਾਲ ਡਿਕਸਨ ਵਾਲਿਆਂ ਸੇਵਾ ਕਰਾਈ ਗਈ। ਮੇਲੇ ਵਿਚ ਪਹੁੰਚਣ ਵਾਲਿਆਂ ਵਿਚ ਕੁਲਵੰਤ ਸਿੰਘ ਨਿੱਝਰ, ਜਸਵਿੰਦਰ ਸੋਹਲ, ਬੌਬ ਢਿੱਲੋਂ, ਜਸਬੀਰ ਸਿੰਘ ਰਾਜੂ, ਕਿਰਪਾਲ ਸਿੰਘ ਅਟਵਾਲ, ਸੁਖਦੇਵ ਸਿੰਘ ਬੈਣੀਵਾਲ, ਦਵਿੰਦਰ ਸਿੰਘ, ਅਵਨਿੰਦਰ ਸਿੰਘ ਆਲ ਸਟੇਟ, ਕਮਲਜੀਤ ਸਿੰਘ ਅਟਵਾਲ, ਸੁਖਵੰਤ ਸਿੰਘ ਢਿੱਲੋਂ, ਮਨਜੀਤ ਵਿਰਕ, ਭੁਪਿੰਦਰ ਸਿੰਘ ਪਰਮਾਰ, ਅਜੀਤ ਸਿੰਘ ਬੱਲ, ਕੈਮ ਗਿੱਲ, ਜੌਹਨਪਾਲ ਸਿੰਘ, ਮੱਖਣ ਸਿੰਘ ਬੈਂਸ, ਸ਼ਮਸ਼ੇਰ ਸਿੰਘ ਬੜੈਚ, ਅਮਰੀਕ ਸਿੰਘ ਖੰਡਾਲੀਆ, ਸ਼ਵਿੰਦਰ ਸਿੰਘ ਸੰਧੂ, ਕਬੱਡੀ ਕੋਚ ਪਾਲੀ ਮਹੇ, ਜਸਵੀਰ ਸਿੰਘ ਤੱਖਰ (ਏ ਏ ਏ ਆਟੋ ਐਂਡ ਬਾਡੀ ਵਰਕਸ) ਮਾਸਟਰ ਮਲਕੀਤ ਸਿੰਘ ਸੰਧੂ, ਸੁਰਿੰਦਰ ਮੰਡਾਲੀ, ਅਮੋਲਕ ਸਿੰਘ, ਸੰਤੋਖ ਸਿੰਘ ਤੱਖਰ ਪ੍ਰਬੰਧਕਾਂ ਦੇ ਤੌਰ ਤੇ ਕੰਮ ਕੀਤਾ।


ਕਮੇਟੀ ਵੱਲੋਂ ਦਵਿੰਦਰ ਸਿੰਘ ਬਾਂਸਲ (ਨਾਮਧਾਰੀ ਸਾਧ ਸੰਗਤ) ਨੂੰ ਦਵਿੰਦਰ ਸਿੰਘ ਚਾਨਾ, ਦੀਪਾ ਰੁੜਕਾ ਪਿੰਡ, ਰਵਿੰਦਰ ਸਿੰਘ ਗਾਧੀ, ਕਸ਼ਮੀਰ ਸਿੰਘ ਹੁੰਦਲ, ਦਿਲਬਾਗ ਸਿੰਘ ਰੰਧਾਵਾ, ਰਿਟਾਇਰਡ ਪ੍ਰਿੰਸੀਪਲ ਰਾਜਪਾਲ ਸਿੰਘ, ਮੱਖਣ ਸਿੰਘ ਬਾਸੀ ਯੂਬਾ ਸਿਟੀ ਤੇ ਫਰੀਮਾਂਟ, ਸੈਨਹੋਜ਼ੇ ਤੇ ਐਲਸਬਰਾਂਟੇ ਦੀਆਂ ਗੁਰੂ ਘਰਾਂ ਦੀਆਂ ਕਮੇਟੀਆਂ ਵੀ ਪਹੁੰਚੀਆਂ।

ਕਿੰਗ ਸਪੋਰਟਸ ਕਲੱਬ ਯੂਨਾਈਟਿਡ ਸਪੋਰਟਸ ਕਲੱਬ ਵੀ ਖੇਡਣ ਲਈ ਪਹੁੰਚੇ। ਕੈਮ ਗਿੱਲ ਨੇ ਹਾਕੀ ਦੀਆਂ ਟੀਮਾਂ ਨੂੰ ਖਿਡਾਇਆ। ਇੰਟਰਨੈਸ਼ਨਲ ਖਿਡਾਰੀ ਵੀਰੂ ਤੇ ਮੰਦਿਰ ਹੁਰਾਂ ਨੇ ਕਬੱਡੀ ਦੇ ਰੈਫਰੀ ਵਜੋਂ ਸੇਵਾ ਨਿਭਾਈ। ਸ. ਕੁਲਵੰਤ ਸਿੰਘ ਐਸ. ਪੀ. ਕਪੂਰਥਲਾ, ਅਜੀਤ ਸਿੰਘ ਬੱਲ ਦਾ ਵਿਸ਼ੇਸ਼ ਧੰਨਵਾਦ ਕੀਤਾ।

ਫਿਲਮਾਂ ਦੇ ਮਹਾਨ ਕਲਾਕਾਰ ਕਵੀਰਾਜ ਜੀ ਤੇ ਪੰਜਾਬੀ, ਹਿੰਦੀ ਫਿਲਮਾਂ ਦੇ ਹੀਰੋ ਦੇ ਤੌਰ ਤੇ ਸਥਾਪਤ ਹੋ ਚੁੱਕੇ ਕਲਾਕਾਰ ਅਮਨ ਧਾਲੀਵਾਲ ਨੂੰ ਵੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸ੍ਰੀ ਸੁੱਚਾ ਰਾਮ ਭਾਰਟਾ, ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਮਹਾਨ ਸਮਾਜ ਸੇਵਾਦਾਰ ਸ੍ਰੀ ਧਰਮਪਾਲ ਝੰਮਟ ਵੀ ਖਾਸ ਤੌਰ ਤੇ ਇੱਥੇ ਹਾਜ਼ਰ ਹੋਏ। ਹੋਰ ਖਾਸ ਮਹਿਮਾਨਾਂ ਵਿਚ ਸੁਰਿੰਦਰ ਮੰਢਾਲੀ, ਮਹਿੰਦਰ ਢਾਹ ਮਾਸਟਰ ਮਲਕੀਤ ਸਿੰਘ ਸੰਧੂ ਮਡੈਸਟੋ, ਕੁਲਦੀਪ ਸਿੰਘ, ਸੁਰਜੀਤ ਸਿੰਘ ਅਟਵਾਲ ਮਰਸੈਡ ਰਾਣਾ ਕਾਹਲੋਂ, ਹਰਦੀਪ ਔਲਖ, ਮਾਂਗਟ ਸਾਹਿਬ ਸਿੱਖ ਸਪੋਰਟਸ ਵੱਲੋਂ ਹਾਜ਼ਰ ਹੋਏ। ਗੁਰਚਰਨ ਸਿੰਘ ਮਾਨ, ਲਖਬੀਰ ਸਿੰਘ ਰੇਡੀਓ ਚੜ੍ਹਦੀ ਕਲਾ ਵੱਲੋਂ, ਅਵਤਾਰ ਸੰਧੂ, ਗੁਰਨਾਮ ਸਿੰਘ ਗੈਰੀ ਤੇ ਹੋਰ ਯੂਨੀਅਨ ਸਿਟੀ ਦੀ ਮੇਅਰ ਕੈਰਲ ਲੂਥਰਾ ਪਹੁੰਚੇ, ਸਟੇਟ ਸੈਨੇਟ ਕੋਰਵਿਟ ਵੀ ਪਹੁੰਚੇ।

ਕਸ਼ਮੀਰ ਸਿੰਘ ਧੁੱਗਾ, ਮਨਜੀਤ ਵਿਰਕ, ਮਹਿੰਗਾ ਸਿੰਘ ਸਰਪੰਚ ਪ੍ਰਧਾਨ, ਅਵਤਾਰ ਸਿੰਘ ਤਾਰੀ, ਸੁਖਵੰਤ ਸਿੰਘ ਢਿੱਲੋਂ, ਭੁਪਿੰਦਰ ਸਿੰਘ ਪਰਮਾਰ ਨੇ ਵਧੀਆ ਇੰਤਜ਼ਾਮ ਕੀਤਾ। ਇਸ 100ਵੀਂ ਸ਼ਤਾਬਦੀ ਵਰ੍ਹੇਗੰਢ ਮਨਾਉਣ ਦੇ ਮੌਕੇ ਤੇ ਸਭ ਤੋਂ ਚੰਗੀ ਗੱਲ ਇਹ ਹੋਈ ਕਿ ਇਸ ਇਲਾਕੇ ਵਿਚ ਜਿੰਨੇ ਵੀ ਇਸ ਪ੍ਰਕਾਰ ਦੇ ਮੇਲੇ ਹੁੰਦੇ ਹਨ, ਉਥੇ ਪੁਲਿਸ ਤੇ ਸਕਿਊਰਟੀ ਦਾ ਖਾਸ ਪ੍ਰਬੰਧ ਹੁੰਦਾ ਹੈ। ਪਰ ਇਹ ਪਹਿਲਾ ਮੇਲਾ ਹੈ, ਜਿਸ ਵਿਚ ਨਾ ਪੁਲਿਸ ਸੀ, ਨਾ ਸਕਿਊਰਟੀ ਸੱਦੀ ਗਈ ਸੀ ਤੇ ਇਹ ਮੇਲਾ ਵਾਕਿਆ ਹੀ ਗਦਰੀ ਬਾਬਿਆਂ ਨਹੀਂ ਇਕ ਸਮਰਪਿਤ ਕਰਨ ਵਜੋਂ ਸਭ ਤੋਂ ਚੰਗਾ ਮੇਲਾ ਰਿਹਾ ਤੇ ਕੋਈ ਵੀ ਤਕਰਾਰ ਵਾਲੀ ਗੱਲ ਨਹੀਂ ਹੋਈ। ਭਾਵੇਂ ਕਬੱਡੀ ਦੇ ਮੈਚ ਵੀ ਹੋਏ, ਪ੍ਰਬੰਧਕਾਂ ਦੇ ਸਿਰ ਇਸ ਗੱਲ ਦਾ ਸਿਹਰਾ ਜਾਂਦਾ ਹੈ। ਉਮੀਦ ਹੈ ਹੋਰ ਮੇਲੇ ਵੀ ਇਸ ਤੋਂ ਸਬਕ ਸਿੱਖ ਕੇ ਲੜਾਈ ਰਹਿਤ ਸ਼ਾਂਤਮਈ ਮਾਹੌਲ ਵਿਚ ਮੇਲੇ ਕਰਾਇਆ ਕਰਨਗੇ।

# ਨਵੇਂ ਰਾਜ ਬਣਾਉਣਾ ਸਿਆਸੀ ਪ੍ਰਪੰਚ ਜਾਂ ਵਿਕਾਸ ਮੁੱਖ ਮੰਤਵ



ਉਜਾਗਰ ਸਿੰਘ

ਤਿਲੰਗਨਾ ਰਾਜ ਬਣਾਉਣ ਦਾ ਐਲਾਨ ਕਰਕੇ ਕਾਂਗਰਸ ਪਾਰਨੀ ਨੇ ਵਿਰੋਧੀ ਪਾਰਟੀਆਂ ਵਿੱਚ ਨਵੀਂ ਸਫਬੰਦੀ ਦਾ ਰਾਹ ਖ੍ਹੂਲ੍ਹ ਦਿੱਤਾ ਹੈ। ਚੰਦਰ ਬਾਬੂ ਨਾਇਡੂ ਜਿਹੜਾ ਕਿਸੇ ਸਮੇਂ ਐਨ ਡੀ ਏ ਦਾ ਭਾਈਵਾਲ ਹੁੰਦਾ ਸੀ ਬੜੀ ਦੇਰ ਤੋਂ ਵੱਖਰਾ ਹੋ ਗਿਆ ਸੀ ਪ੍ਰੰਤੂ ਇਸ ਤਿਲੰਗਨਾ ਨਵੇਂ ਰਾਜ ਦੇ ਐਲਾਨ ਤੋਂ ਬਾਅਦ ਉਹ ਬੀ ਜੇ ਪੀ ਦੇ ਨਾਲ ਆ ਰਿਹਾ ਹੈ। ਆਬਾਦੀ ਅਤੇ ਇਲਾਕੇ ਦੇ ਪੱਖੋਂ ਭਾਰਤ ਇੱਕ ਵਿਸ਼ਾਲ ਦੇਸ਼ ਹੈ। ਆਜ਼ਾਦੀ ਦੇ 66 ਸਾਲਾਂ ਬਾਅਦ ਵੀ ਭਾਰਤ ਨੇ ਵਿਕਾਸ ਵਿੱਚ ਉਤਨੀਆਂ ਪੁਲਾਂਘਾਂ ਨਹੀਂ ਪੁਟੀਆਂ ਜਿੰਨੀਆਂ ਪੁਟਣੀਆਂ ਚਾਹੀਦੀਆਂ ਸਨ। ਦੇਸ਼ ਦੇ ਅਜੇ ਵੀ ਕਈ ਰਾਜ ਇਲਾਕੇ ਅਨੁਸਾਰ ਐਨੇ ਵੱਡੇ ਹਨ ਕਿ ਉਥੋਂ ਦੇ ਪ੍ਰਬੰਧਕੀ ਢਾਂਚੇ ਨੂੰ ਰਾਜ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਵਿੱਚ ਮੁਸ਼ਕਲਾਂ ਆ ਰਹੀਆਂ ਹਨ।ਤਿਲੰਗਾਨਾ ਦੇਸ਼ ਦਾ 29ਵਾਂ ਰਾਜ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਸਰਬ ਭਾਰਤੀ ਕਾਂਗਰਸ ਦੀ ਵਰਕਿੰਗ ਕਮੇਟੀ ਅਤੇ ਯੂ ਪੀ ਏ ਦੀਆਂ ਭਾਈਵਾਲ ਪਾਰਟੀਆਂ ਨੇ ਇਸ ਤਜਵੀਜ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਨਵੇਂ ਰਾਜਾਂ ਦਾ ਪੁਨਰਗਠਨ ਕਰਨਾ ਸਿਆਸਤ ਤੋਂ ਪ੍ਰੇਰਤ ਹੈ ਜਾਂ ਵਿਕਾਸ ਕਰਨ ਵਿੱਚ ਸੁਚੱਜੀ ਪ੍ਰਬੰਧਕੀ ਕਾਰਵਾਈ ਨੂੰ ਮੁੱਖ ਰੱਖਕੇ ਫੈਸਲੇ ਕੀਤੇ ਜਾਂਦੇ ਹਨ। ਦਸੰਬਰ 2009 ਵਿੱਚ ਨਵਾਂ ਰਾਜ ਬਣਾਉਣ ਦਾ ਵਾਅਦਾ ਉਦੋਂ ਦੇ ਗ੍ਰਹਿ ਮੰਤਰੀ ਪੀ ਚਿਤੰਬਰਮ ਨੇ ਤਿਲੰਗਨਾ ਰਾਸ਼ਟਰੀਯ ਸੰਮਤੀ ਦੇ ਮੁੱਖੀ ਕੇ ਚੰਦਰ ਸ਼ੇਖਰ ਰਾਓ ਦੇ ਮਰਨ ਵਰਤ ਨੂੰ ਖੁਲਾਉਣ ਤੋਂ ਬਾਅਦ ਕੀਤਾ ਸੀ। ਚਾਰ ਸਾਲ ਦੀ ਜੱਕੋ ਤਕੀ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ। ਅਸਲ ਵਿੱਚ ਕਾਂਗਰਸ ਪਾਰਟੀ ਇਸ ਨਵੇਂ ਰਾਜ ਦੀ ਸਥਾਪਨਾ ਦਾ ਸਿਹਰਾ ਤਿਲੰਗਨਾ ਰਾਸ਼ਟਰੀਯ ਪਾਰਟੀ ਦੇ ਮੁੱਖੀ ਨੂੰ ਦੇਣਾ ਨਹੀਂ ਚਾਹੁੰਦੀ ਸੀ। ਯੂ ਪੀ ਏ ਦਾ ਇਹ ਫੈਸਲਾ ਸਿਆਸਤ ਤੋਂ ਪ੍ਰੇਰਤ ਹੀ ਜਾਪਦਾ ਹੈ। ਛੋਟੇ ਰਾਜਾਂ ਵਿੱਚ ਪ੍ਰਬੰਧਕੀ ਕਾਰਜ ਕੁਸ਼ਲਤਾ ਵਿੱਚ ਤਾਂ ਵਾਧਾ ਹੁੰਦਾ ਹੈ ਪ੍ਰੰਤੂ ਬਹੁਤੇ ਰਾਜ ਬਣਾਉਣ ਨਾਲ ਕੇਂਦਰ ਕਮਜੋਰ ਹੁੰਦਾ ਹੈ ਕਿਉਂਕਿ ਹਰ ਰਾਜ ਆਪਣੀ ਖੁਦਮੁਖਤਾਰੀ ਦੀ ਤਾਂ ਗੱਲ ਕਰਦਾ ਹੀ, ਨਾਲ ਦੀ ਨਾਲ ਆਪਣੀ ਗੱਲ ਮੰਨਵਾਉਣ ਲਈ ਲਈ ਕੇਂਦਰੀ ਸਰਕਾਰ ਤੇ ਜੋਰ ਪਾਕੇ ਗਲਤ ਫੈਸਲੇ ਵੀ ਕਰਵਾ ਲੈਂਦੇ ਹਨ। ਅਸਲ ਵਿੱਚ ਕੇਂਦਰ ਵਿੱਚ ਇੱਕ ਪਾਰਟੀ ਦਾ ਰਾਜ ਨਾ ਹੋਣ ਕਰਕੇ ਕੇਂਦਰ ਸਰਕਾਰ ਰਾਜਾਂ ਅਤੇ ਖੇਤਰੀ ਪਾਰ-ਟੀਆਂ ਤੇ ਨਿਰਭਰ ਕਰਦੀ ਹੈ। ਸਮੁੱਚੇ ਸੰਧਰਵ ਵਿੱਚ ਜੇਕਰ ਵੇਖਿਆ ਜਾਵੇ ਤਾਂ ਛੋਟੇ ਰਾਜ ਬਿਹਤਰ ਰਾਜ ਪ੍ਰਬੰਧ ਦੇ ਕੇ ਵਿਕਾਸ ਦੀ ਰਫਤਾਰ ਤੇਜ ਕਰ ਸਕਦੇ ਹਨ ਪ੍ਰੰਤੂ ਰਾਜਾਂ ਦੀ ਸਥਾਪਤੀ ਕਰਨ ਦੇ ਮੌਕੇ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਉਹ ਵੋਟ ਦੀ ਰਾਜਨੀਤੀ ਨੂੰ ਮੁੱਖ ਰੱਖਕੇ ਜਿਹੜਾ ਵਕਤ ਉਹਨਾ ਨੂੰ ਲਾਭਦਾਇਕ ਹੁੰਦਾ ਹੈ ਉਸ ਸਮੇਂ ਹੀ ਫੈਸਲੇ ਕਰਦੇ ਹਨ। ਇਹ ਤਿਲੰਗਾਨਾ ਦਾ ਫੈਸਲਾ ਵੀ ਸਿਆਸਤ ਤੋਂ ਹੀ ਪ੍ਰੇਰਤ ਹੈ। ਹੈਰਾਨੀ ਦੀ ਗੱਲ ਹੈ ਜਦੋਂ ਕਿਸੇ ਰਾਜ ਦੀ ਸਥਾਪਨਾ ਦੀ ਚਰਚਾ ਛਿੜਦੀ ਹੈ ਤਾਂ ਰਾਜ ਦੇ ਹੱਕ ਵਿੱਚ ਅੰਦਲੋਨ, ਮੋਰਚੇ, ਧਰਨੇ ਅਤੇ ਮਰਨ ਵਰਤ ਤੱਕ ਰੱਖੇ ਜਾਂਦੇ ਹਨ ,ਨਾਲ ਦੀ ਨਾਲ ਹੀ ਉਹਨਾ ਦੇ ਵਿਰੋਧੀ ਅੰਦੋਲਨ ਸ਼ੁਰੂ ਕਰ ਦਿੰਦੇ ਹਨ। ਜਿਵੇਂ ਹੁਣ ਆਂਧਰਾ ਵਿੱਚ ਹੋ ਰਿਹਾ ਹੈ। ਇਹਨਾਂ ਅੰਦੋਲਨਾ ਵਿੱਚ ਸਰਕਾਰੀ ਸੰਪਤੀ ਦਾ ਵਧੇਰੇ ਨੁਕਸਾਨ ਹੁੰਦਾ ਹੈ। ਮੌਤਾਂ ਵੀ ਹੁੰਦੀਆਂ ਹਨ। ਫਿਰ ਅਜੇਹੇ ਰਾਜਾਂ ਦਾ ਕੀ ਲਾਭ ਜਿਹੜੇ ਹਿੰਸਕ ਰੂਪ ਧਾਰ ਕੇ ਬਣਦੇ ਹਨ। ਕਾਂਗਰਸ ਅਤੇ ਯੂ ਪੀ ਏ ਨੇ ਤਿਲੰਗਾਨਾ ਰਾਜ ਬਣਾਉਣ ਦਾ ਫੈਸਲਾ ਕਰਕੇ ਭਰਿੰਡਾਂ ਦੇ ਖੱਖਰ ਨੂੰ ਹੱਥ ਪਾ ਲਿਆ ਹੈ, ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਉਹ ਆਪਣਾ ਹੱਥ ਕਿਵੇਂ ਬਚਾਉਣਗੇ ਕਿਉਂਕਿ ਆਸਾਮ ਵਿੱਚ ਬੋਡੋ ਲੈਂਡ ਅਤੇ ਕਾਬਰੀ ਕਬੀਲੇ ਨੇ ਔਂਗਲੌਂਗ ਰਾਜ,ਵੈਸਟ ਬੰਗਾਲ ਵਿੱਚ ਗੋਰਖਾ ਜਨ ਮੁਕਤੀ ਮੋਰਚਾ ਨੇ ਗੋਰਖਾ ਲੈਂਡ, ਮਹਾਰਾਸ਼ਟਰ ਵਿੱਚ ਐਨ ਸੀ ਪੀ ਨੇ ਵਿਦਰਭ, ਜੰਮੂ ਕਸ਼ਮੀਰ ਵਿੱਚ ਜੰਮੂ ਅਤੇ ਲਦਾਖ ਰਾਜ ਅਤੇ ਬਹੁਜਨ ਸਮਾਜ ਪਾਰਟੀ ਨੇ ਉਤਰ ਪ੍ਰਦੇਸ਼ ਦੇ ਚਾਰ ਰਾਜ ਪੁਰਵਾਂਚਲ, ਬੁੰਧੇਲਖੰਡ, ਅਵਧ ਪ੍ਰਦੇਸ਼ ਅਤੇ ਪੱਛਮਿਆਂਚਲ ਬਣਾਉਣ ਦੀ ਮੰਗ ਕਰ ਦਿੱਤੀ ਹੈ। ਇਥੋਂ ਤੱਕ ਕਿ ਆਂਧਰਾ ਵਿੱਚੋਂ ਹੀ ਰਾਇਲਸਾਂ ਇਲਾਕੇ ਦੇ ਦੋ ਜਿਲ੍ਹਿਆਂ ਨੂੰ ਵੀ ਵਖਰਾ ਰਾਜ ਬਣਾਉਣ ਦੀ ਮੰਗ ਨੇ ਵੀ ਜ਼ੋਰ ਫੜ ਲਿਆ ਹੈ। ਪ੍ਰਸਿਧ ਕਾਲਮ ਨਵੀਸ ਸ਼ੋਭਾ ਡੇ ਨੇ ਵੀ ਟਵੀਟ ਕਰਕੇ ਬੰਬਈ ਨੂੰ ਵਖਰੇ ਰਾਜ ਦਾ ਦਰਜਾ ਦੇਣ ਦੀ ਮੰਗ ਕਰ ਦਿੰਤੀ ਹੈ। ਆਂਧਰਾ ਪ੍ਰਦੇਸ਼ ਦੇ 13 ਵਿਧਾਨਕਾਰਾਂ ਅਤੇ 13 ਹੀ ਮੰਤਰੀਆਂ ਨੇ ਮੁੱਖ ਮੰਤਰੀ ਕਿਰਨ ਰੈਡੀ ਨੂੰ ਆਪਣੇ ਅਸਤੀਫੇ ਦਬਾਅ ਪਾਉਣ ਲਈ ਦੇ ਦਿੱਤੇ ਸਨ।ਇਹਨਾਂ ਰਾਜਾਂ ਦੇ ਹੱਕ ਵਿੱਚ ਅੰਦੋਲਨ ਤੇ ਮੋਰਚੇ ਸ਼ੁਰੂ ਹੋ ਗਏ ਹਨ ਜੋ ਭਾਰਤ ਦੀ ਆਰਥਕਤਾ ਨੂੰ ਸੱਟ ਮਾਰਨਗੇ। ਭਾਸ਼ਾ ਦੇ ਆਧਾਰ ਤੇ ਵੱਖਰੇ ਰਾਜ ਬਣਾਉਣ ਦਾ ਸਭ ਤੋਂ ਪਹਿਲਾਂ 1952 ਵਿੱਚ ਸਰੀਰਾਮੁਲ ਨਾਂ ਦੇ ਇੰਜਿਨੀਅਰ ਨੇਂ ਤਿਲੰਗਾਨਾ ਪ੍ਰਦੇਸ਼ ਬਣਾਉਣ ਲਈ ਮਰਨ ਵਰਤ ਰੱਖਿਆ ਸੀ,ਜਦੋਂ 58 ਦਿਨ ਭੁਖੇ ਰਹਿਣ ਤੋਂ ਬਾਅਦ ਉਸਦੀ ਮੌਤ ਹੋ ਗਈ ਤਾਂ ਉਸਦੇ ਦੋ ਹਫਤਿਆਂ ਬਾਅਦ ਉਥੇ ਦੰਗੇ ਸ਼ੁਰੂ ਹੋ ਗਏ ਤੇ ਕੇਂਦਰੀ ਸਰਕਾਰ ਨੂੰ ਮਜਬੂਰ ਹੋਕੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਵੱਖਰਾ ਆਂਧਰਾ ਪ੍ਰਦੇਸ਼ ਬਨਾਉਣ ਦੀ ਗੱਲ ਕੀਤੀ ਅਤੇ 4 ਸਾਲ ਬਾਅਦ 1956 ਵਿੱਚ ਭਾਸ਼ਾ ਦੇ ਆਧਾਰ ਤੇ ਰਾਜ ਪੁਨਰਗਠਨ ਕਮਿਸ਼ਨ ਬਣਾਇਆ ,ਜਿਸ ਦੀ ਰਿਪੋਰਟ ਦੇ ਆਧਾਰ ਤੇ ਆਂਧਰਾ ਪ੍ਰਦੇਸ਼ ਰਾਜ ਹੋਂਦ ਵਿੱਚ ਆਇਆ। 1956 ਵਿੱਚ ਤਿਲੰਗਾਨਾ ਹੈਦਰਾਬਾਦ ਸਟੇਟ ਦਾ ਹਿੱਸਾ ਸੀ। ਉਸ ਤੋਂ ਬਾਅਦ ਪੰਜਾਬ ਨੂੰ 1966 ਵਿੱਚ ਤਿੰਨ ਹਿੱਸਿਆਂ ਹਿਮਾਚਲ ਅਤੇ ਹਰਿਆਣਾ ਵਿੱਚ ਵੰਡ ਦਿੱਤਾ ਗਿਆ, ਜਿਸਦੇ ਸਿੱਟੇ ਵਜੋਂ ਭਾਵੇਂ ਪੰਜਾਬ ਨੂੰ ਨੁਕਸਾਨ ਹੋਇਆ ਪ੍ਰੰਤੂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ਾਂ ਦਾ ਸੰਪੂਰਨ ਵਿਕਾਸ ਹੋਇਆ ਹੈ। ਪੰਜਾਬ ਵਿੱਚ ਰਾਜਨੀਤਕ ਤੌਰ ਤੇ ਅਕਾਲੀ ਦਲ ਨੂੰ ਲਾਭ ਹੋਇਆ ਕਿਉਂਕਿ ਸਾਂਝੇ ਪੰਜਾਬ ਵਿੱਚ ਉਹਨਾ ਦੀ ਸਰਕਾਰ ਕਦੀ ਵੀ ਨਹੀਂ ਬਣ ਸਕਦੀ ਸੀ। ਭਾਰਤੀ ਜਨਤਾ ਪਾਰਟੀ ਨੇ ਵੀ 2000 ਵਿੱਚ ਤਿੰਨ ਰਾਜ ਛਤੀਸਗੜ੍ਹ,ਉਤਰਾਖੰਡ ਅਤੇ ਝਾਰਖੰਡ ਬਣਾ ਦਿੱਤੇ ਸਨ। ਆਮ ਤੌਰ ਤੇ ਜਿਹੜੀ ਸਰਕਾਰ ਨਵੇਂ ਰਾਜ ਬਣਾਉਂਦੀ ਹੈ, ਰਾਜਨੀਤਕ ਤੌਰ ਤੇ ਇੱਕ ਦੋ ਵਾਰ ਉਹਨਾ ਦੀ ਹੀ ਸਰਕਾਰ ਬਣਦੀ ਹੈ। ਇਸੇ ਉਮੀਦ ਨਾਲ ਕਾਂਗਰਸ ਨੇ ਤਿਲੰਗਾਨਾ ਰਾਜ 2014 ਦੀਆਂ ਲੋਕ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਕੇ ਬਣਾਇਆ ਹੈ। ਜਦੋਂ ਕਿ ਕੇ ਚੰਦਰ ਸ਼ੇਖਰ ਰਾਓ ਲਗਾਤਾਰ ਪਿਛਲੇ 20 ਸਾਲਾਂ ਤੋਂ ਅੰਦੋਲਨ ਕਰ ਰਿਹਾ ਸੀ। ਇਸ ਸਮੇਂ ਆਂਧਰਾ ਪ੍ਰਦੇਸ਼ ਵਿੱਚ 42 ਲੋਕ ਸਭਾ ਦੇ ਮੈਂਬਰ,294 ਵਿਧਾਨ ਸਭਾ ਦੇ ਮੈਂਬਰ ਅਤੇ 24 ਜਿਲ੍ਹੇ ਹਨ। ਨਵੇਂ ਰਾਜ ਦੀ ਤਜਵੀਜ ਅਨੁਸਾਰ ਤਿਲੰਗਾਨਾ ਵਿੱਚ 10 ਜਿਲ੍ਹੇ,17 ਐਮ ਪੀ,119 ਵਿਧਾਨਕਾਰੇ ਹੋਣਗੇ ਜਦੋਂਕਿ ਆਂਧਰਾ ਪ੍ਰਦੇਸ਼ ਵਿੱਚ 14 ਜਿਲ੍ਹੇ 25 ਐਮ ਪੀ ਅਤੇ175 ਵਿਧਾਨਕਾਰ ਹੋਣਗੇ। ਇਸ ਸਮੇਂ ਆਂਧਰਾ ਤੋਂ ਕਾਂਗਰਸ ਦੇ 33 ਐਮ ਪੀ ਹਨ। ਨਵੇਂ ਰਾਜ ਦਾ ਇਲਾਕਾ 1 ਲੱਖ 14 ਹਜ਼ਾਰ ਵਰਗ ਕਿਲੋਮੀਟਰ, ਜਨਸੰਖਿਆ3 ਕਰੋੜ 52 ਲੱਖ ਜੋ ਕਿ ਆਂਧਰਾ ਪ੍ਰਦੇਸ਼ ਦੀ 41-6 ਪ੍ਰਤੀਸ਼ਤ ਬਣਦੀ ਹੈ। ਦੋ ਵੱਡੇ ਸ਼ਹਿਰ ਹੈਦਰਾਬਾਦ ਅਤ ਵਾਰੰਗਲ ਤਿਲੰਗਾਨਾ ਵਿੱਚ ਹੋਣਗੇ। ਹੈਦਰਾਬਾਦ ਦੀ ਆਬਾਦੀ 80 ਲੱਖ ਹੈ ਤੇ 65 ਫੀ ਸਦੀ ਲੋਕ ਪੜ੍ਹੇ ਲਿਖੇ ਹਨ। ਹੈਦਰਾਬਾਦ 10 ਸਾਲ ਆਂਧਰਾ ਪ੍ਰਦੇਸ਼ ਦੀ ਵੀ ਰਾਜਧਾਨੀ ਰਹੇਗਾ ਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ ਆਂਧਰਾ ਪ੍ਰਦੇਸ਼ ਦੇ ਰੈਵਨਿਊ ਉਗਰਾਹੀ ਵਿੱਚ 55 ਫੀ ਸਦੀ ਜੋ ਕਿ 6500 ਕਰੋੜ ਰੁਪਏ ਬਣਦੀ ਹੈ, ਇਕੱਲੇ ਹੈਦਰਾਬਾਦ ਤੋਂ ਹੁੰਦੀ ਹੈ।ਇਸੇ ਤਰ੍ਹਾਂ ਕੇਂਦਰੀ ਟੈਕਸਾਂ ਦੀ 65 ਫੀ ਸਦੀ ਉਗਰਾਹੀ ਹੈਦਰਾਬਾਦ ਤੋਂ ਹੁੰਦੀ ਹੈ ਜੋ 15000 ਕਰੋੜ ਰੁਪਏ ਹੁੰਦੀ ਹੈ। ਇਥੋਂ 51 ਫੀ ਸਦੀ ਜੀ ਡੀ ਪੀ ਦੀ ਦਰ ਹੈ।ਹੈਦਰਾਬਾਦ ਵਿੱਚੋਂ 90000 ਕਰੋੜ ਰੁਪਏ ਦਾ ਉਤਪਾਦਨ ਹੁੰਦਾ ਹੈ। ਕੇਂਦਰੀ ਸ਼ਾਸ਼ਤ ਪ੍ਰਦੇਸ਼ ਹੋਣ ਨਾਲ ਆਂਧਰਾ ਅਤੇ ਤਿਲੰਗਾਨਾ ਦੋਹਾਂ ਰਾਜਾਂ ਨੂੰ ਨੁਕਸਾਨ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ ਹੁਣ ਤੱਕ ਵੱਖਰਾ ਰਾਜ ਬਣਾਉਣ ਲਈ ਪਿਛਲੇ 15 ਸਾਲਾਂ ਤੋਂ ਚਲ ਰਹੇ ਅੰਦੋਲਨਾ ਵਿੱਚ ਹਜ਼ਾਰਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਗਨ ਮੋਹਨ ਰੈਡੀ ਦੇ ਪਿਤਾ ਵਾਈ ਐਸ ਰੈਡੀ ਜੋ ਆਂਧਰਾ ਦੇ ਮੁੱਖ ਮੰਤਰੀ ਸਨ ਦੀ ਹਵਾਈ ਹਾਦਸੇ ਵਿੱਚ ਹੋਈ ਮੌਤ ਤੋਂ ਬਾਅਦ ਕਾਂਗਰਸ ਕਮਜੋਰ ਹੋ ਗਈ ਸੀ ,ਹੁਣ ਕਾਂਗਰਸ ਦੇ ਮਜਬੂਤ ਹੋਣ ਦੇ ਆਸਾਰ ਬਣੇ ਹਨ। ਕਾਂਗਰਸ ਨੇ ਇਸ ਸਮੇਂ ਨੂੰ ਰਾਜਨੀਤਕ ਤੌਰ ਤੇ ਨਵਾਂ ਰਾਜ ਬਣਾਉਣ ਲਈ ਠੀਕ ਸਮਝਿਆ ਹੈ ਤਾਂ ਜੋ ਕੇ ਚੰਦਰ ਸ਼ੇਖਰ ਰਾਓ ਰਾਜਨੀਤਕ ਲਾਭ ਨਾ ਲੈ ਸਕੇ। 1997 ਵਿੱਚ ਬੀ ਜੇ ਪੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਤਿਲੰਗਨਾ ਰਾਜ ਬਣਾਉਣ ਦਾ ਵਾਅਦਾ ਕੀਤਾ ਸੀ। ਕਾਂਗਰਸ ਦੀ ਵਰਕਿੰਗ ਕਮੇਟੀ ਨੇ 2001 ਵਿੱਚ ਸਟੇਟ ਰੀਆਰਗੇਨਾਈਜੇਸ਼ਨ ਕਮਿਸ਼ਨ ਬਣਾਉਣ ਦੀ ਸ਼ਿਫਾਰਸ਼ ਕੀਤੀ ਸੀ। ਇਸਦੇ ਬਾਵਜੂਦ ਵੀ ਤਿਲੰਗਾਨਾ ਰਾਜ ਦੇ ਬਣਾਉਣ ਦੇ ਐਲਾਨ ਤੋਂ ਬਾਅਦ ਆਂਧਰਾ ਵਿੱਚ ਧਰਨੇ, ਜਲਸੇ, ਜਲੂਸ, ਅੰਦੋਲਨ, ਭੰਨ ਤੋੜ ਫਿਰ ਸ਼ੁਰੂ ਹੋ ਗਈ ਹੈ। ਰਾਇਲਸੀਆਂ, ਸੀਮਾਂਧਰਾ ਅਤੇ ਤੱਟੀ ਆਂਧਰਾ ਪ੍ਰਦੇਸ਼ ਵਿੱਚ ਮੁਜਾਹਰੇ ਸ਼ੁਰੂ ਹੋ ਗਏ ਹਨ। ਆਂਧਰਾ ਪ੍ਰਦੇਸ਼ ਦੇ 13 ਜਿਲ੍ਹਿਆਂ ਵਿੱਚ ਪੂਰਨ ਬੰਧ ਰਿਹਾ ਹੈ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਬੁਤਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਹੈ। ਇੱਕ ਹੋਮ ਗਾਰਡ ਦੇ ਮੁਲਾਜਮ ਨੇ ਤਿਲੰਗਾਨਾ ਦੇ ਵਿਰੁਧ ਆਤਮ ਹੱਤਿਆ ਕਰ ਲਈ ਹੈ। ਰਾਜ ਬਣਾਉਣ ਦਾ ਪੂਰਾ ਪ੍ਰਾਸੈਸ ਚਾਰ ਮਹੀਨੇ ਵਿੱਚ ਮੁਕੰਮਲ ਹੋਣ ਦੇ ਆਸਾਰ ਹਨ ਜੇ ਹਾਲਾਤ ਨਾਰਮਲ ਰਹੇ। ਉਪਰੋਕਤ ਵਿਚਾਰ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਛੋਟੇ ਰਾਜਾਂ ਦਾ ਵਿਕਾਸ ਸੌਖੇ, ਵਧੀਆ ਅਤੇ ਪ੍ਰਬੰਧਕੀ ਕਾਰਜਕੁਸ਼ਲਤਾ ਨਾਲ ਹੋ ਸਕਦਾ ਹੈ। ਵੱਡੇ ਰਾਜਾਂ ਵਿੱਚ ਅਧਿਕਾਰੀਆਂ ਅਤੇ ਮੰਤਰੀਆਂ ਤੋਂ ਸਮੇਂ ਸਿਰ ਨਿਗਰਾਨੀ ਨਹੀ ਹੁੰਦੀ, ਇਸ ਲਈ ਕਈ ਵਾਰ ਛੋਟੇ ਅਧਿਕਾਰੀ ਆਪਣੀਆਂ ਮਨਮਾਨੀਆਂ ਕਰ ਲੈਂਦੇ ਹਨ। ਸੁਚੱਜੀ ਨਿਗਰਾਨੀ ਲਈ ਛੋਟੇ ਰਾਜਾਂ ਦੀ ਪ੍ਰਣਾਲੀ ਬਹੁਤ ਹੀ ਜਾਇਜ ਹੈ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿਆਸੀ ਪਾਰਟੀਆਂ ਛੋਟੇ ਰਾਜ ਬਣਾਉਣ ਸਮੇਂ ਆਪਣੀਆਂ ਪਾਰਟੀਆਂ ਦੇ ਹਿਤਾਂ ਅਨੁਸਾਰ ਫੈਸਲੇ ਕਰਦੀਆਂ ਹਨ ਜਿਹਨਾਂ ਦਾ ਬਹੁਤਾ ਚੰਗਾ ਪ੍ਰਭਾਵ ਨਹੀਂ ਪੈਂਦਾ। ਫਿਰ ਵੀ ਸਮੁਚੇ ਤੌਰ ਤੇ ਵੱਡੇ ਹਿੱਤਾਂ ਨੂੰ ਮੁੱਖ ਰਖਦਿਆਂ ਕਿਹਾ ਜਾ ਸਕਦਾ ਹੈ ਕਿ ਇਹ ਪ੍ਰਣਾਲੀ ਸਫਲ ਰਹੇਗੀ ਚੰਗਾ ਹੋਵੇ ਜੇਕਰ ਕੇਂਦਰੀ ਸਰਕਾਰਾਂ ਬਿਨਾਂ ਅੰਦੋਲਨਾਂ, ਮੋਰਚਿਆਂ ਅਤੇ ਧਰਨਿਆਂ ਤੋਂ ਹੀ ਲੋਕਾਂ ਦੀਆਂ ਜਾਇਜ ਮੰਗਾਂ ਮੰਨ ਲਿਆ ਕਰਨ ਤਾਂ ਜੋ ਸਰਕਾਰੀ ਸੰਪਤੀ ਦਾ ਨੁਕਸਾਨ ਨਾ ਹੋ ਸਕੇ।ਕਾਂਗਰਸ ਲਈ ਨਵਾਂ ਰਾਜ ਖਤਰੇ ਦੀ ਘੰਟੀ ਸਾਬਤ ਹੋਵੇਗਾ ਕਿਉਂਕਿ ਵਿਰੋਧੀ ਪਾਰਟੀਆਂ ਵਿੱਚ ਨਵੀਂ ਸਫਬੰਦੀ ਸ਼ੁਰੂ ਹੋ ਗਈ ਹਨ। ਚੰਦਰ ਬਾਬੂ ਨਾਇਡੂ ਜਿਹੜਾ ਬੀ ਜੇ ਪੀ ਤੋਂ ਦੂਰ ਹੋ ਗਿਆ ਸੀ ਹੁਣ ਮੁੜ ਨੇੜੇ ਰਿਹਾ ਹੈ।

# ਧਾਰਮਿਕ ਕਵੀ ਦਰਬਾਰ 19 ਅਕਤੂਬਰ ਨੂੰ

ਕੈਲੀਫੋਰਨੀਆ- ਸਿੱਖ ਟੈਂਪਲ ਗੁਰਦੁਆਰਾ ਯੂਬਾ ਸਿਟੀ, ਟੈਰਾਬੁਆਇਨਾ ਰੋਡ ਦੀ ਪ੍ਰਬੰਧਕ ਕਮੇਟੀ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ 19 ਅਕਤੂਬਰ ਦਿਨ ਸਨਿੱਚਰਵਾਰ ਨੂੰ ਸ਼ਾਮ ਦੇ 7 ਤੋਂ 9 ਵਜੇ ਵਿਚਕਾਰ ਧਾਰਮਿਕ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਦੂਰੋਂ ਦੂਰੋਂ ਆਏ ਮਹਾਨ ਕਵੀ ਆਪਣੀਆਂ ਪ੍ਰੇਰਨਾਦਾਇਕ ਧਾਰਮਿਕ ਕਵਿਤਾਵਾਂ ਸੁਣਾਉਣਗੇ। ਇਸ ਮੌਕੇ ਬੱਚਿਆਂ ਵੱਲੋਂ ਵੀ ਧਾਰਮਿਕ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ। ਇਹ ਕਵੀ ਦਰਬਾਰ ਪੰਜਾਬੀ ਰੇਡੀਓ ਯੂ. ਐਸ. ਏ. ਉਤੇ ਲਾਈਵ ਸੁਣਿਆ ਜਾ ਸਕਦਾ ਹੈ।

# ਓਬਾਮਾ ਤੇ ਮਿਸ਼ੇਲ ਨੇ ਮਲਾਲਾ ਨਾਲ ਕੀਤੀ ਮੁਲਾਕਾਤ

## ਬੇਮਿਸਾਲ ਹੌਸਲੇ ਅਤੇ ਯਤਨਾਂ ਦੀ ਸ਼ਲਾਘਾ ਕੀਤੀ

ਵਾਸ਼ਿੰਗਟਨ - ਅਮਰੀਕੀ ਰਾਸ਼ਟਰ-ਪਤੀ ਬਰਾਕ ਓਬਾਮਾ ਅਤੇ ਪਹਿਲੀ ਮਹਿਲਾ ਮਿਸ਼ੇਲ ਓਬਾਮਾ ਨੇ ਲੜਕੀਆਂ ਦੀ ਸਿੱਖਿਆ ਲਈ ਕੰਮ ਕਰਨ ਵਾਲੀ ਪਾਕਿਸਤਾਨੀ ਸਮਾਜ ਸੇਵਿਕਾ ਮਲਾਲਾ ਯੂਸਫਜੇਈ ਨਾਲ ਵ੍ਹਾਈਟ ਹਾਊਸ ਦੇ ਓਵਲ ਦਫਤਰ 'ਚ ਮੁਲਾਕਾਤ ਕੀਤੀ ਅਤੇ ਉਸ ਦੇ ਹੌਸਲੇ ਅਤੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਹ ਪ੍ਰਗਟਾਵਾ ਵ੍ਹਾਈਟ ਹਾਊਸ ਵਲੋਂ ਜਾਰੀ ਇਕ ਬਿਆਨ 'ਚ ਕੀਤਾ ਗਿਆ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿਊਯਾਰਕ ਵਿਖੇ ਮਰ੍ਹੂਮ ਨੇਤਾ ਬਾਬੂ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

ਨਿਊਯਾਰਕ (ਬਲਵਿੰਦਰ ਭੌਰਾ) ਬੀਤੇ ਦਿਨੀ ਬੇਗ਼ਮਪੁਰਾ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਵਲੋਂ ਵਿਛੜੇ ਨੇਤਾ




ਬਸਪਾ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਹਾੜਾ ਬੜੇ ਸਾਦੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮਨ੍ਹਾਇਆ ਗਿਆ। ਸਮਾਗ਼ਮ ਦੀ ਆਰੰਭਤਾ 'ਚ ਬਾਬੂ ਕਾਸ਼ੀ ਰਾਮ ਜੀ ਦੀ ਤਸਵੀਰ ਨੂੰ ਸ਼ਰਧਾਂ ਦੇ ਫੁੱਲ ਭੇਟ ਕਰਨ ਉਪਰੰਤ ਸਮੂਹ ਮੈਂਬਰਾਂ ਅਤੇ ਮਹ੍ਹਿਮਾਨਾਂ ਨੇ ਆਪਣੇ ਪ੍ਰਭਾਵਸ਼ਾਲੀ ਸ਼ਬਦਾਂ ਰਾਹੀ ਬਾਬੂ ਜੀ ਦੀ ਜੀਵਨੀ ਅਤੇ ਕੌਮ ਪ੍ਰਤੀ ਕੀਤੇ ਸੰਘਰਸ਼ ਨੂੰ ਬਾਖੂਬੀ ਬਿਆਨ ਕੀਤਾ। ਕਿਸ ਤਰਾਂ ਬਾਬੂ ਕਾਸ਼ੀ ਰਾਮ ਜੀ ਨੇ ਪਹਿਲਾਂ ਬਾਮਸੇਫ਼ ਫਿਰ ਡੀ. ਐਸ. ਫੋਰ ਤੇ ਫਿਰ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ । ਯੂ.ਪੀ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਵੀ ਬਾਬੂ ਕਾਸ਼ੀ ਰਾਮ ਜੀ ਦੀ ਹੀ ਖੋਜ ਸੀ। ਬਾਬੂ ਜੀ ਬਹੁਤ ਪੜੇ ਲਿਖੇ ਤੇ ਦੂਰ ਅੰਦੇਸ਼ੀ ਵਾਲੇ ਨੇਤਾ ਸਨ, ਉਹਨਾਂ ਦੇ ਜਾਣ ਨਾਲ ਦਲਿਤ ਭਾਈਚਾਰੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਸੰਸਥਾਂ ਵਲੋਂ ਉਹਨਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਭਵਿੱਖ 'ਚ ਪੂਰਾ ਤਾਣ ਲਾਇਆ ਜਾਵੇਗਾ । ਬੁਲ੍ਹਾਰਿਆਂ 'ਚ ਸ੍ਰੀ ਪਿੰਦਰ ਪਾਲ ਮੁੱਖ ਸਲ੍ਹਾਹਕਾਰ, ਪ੍ਰਧਾਨ ਪਰਮਜੀਤ ਕਮਾਮ ਜੀ, ਮਿਸ਼ਨਰੀ ਸ੍ਰੀ ਪਾਲ ਬੰਗਾ ਜੀ, ਸ੍ਰੀ ਬਲਬੀਰ ਚੰਦ ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਸਾਬਕਾ ਚੇਅਰਮੈਨ ਸ੍ਰੀ ਚੂਹੜ ਸਿੰਘ ਜੀ ,ਭਾਈਚਾਰੇ ਦੇ ਉਘੇ ਆਗੂ ਸ੍ਰੀ ਸੋਹਣ ਲਾਲ ਝਿਕਾ ਜੀ, ਸੰਸਥਾਂ ਦੇ ਕੈਸ਼ੀਅਰ ਸ੍ਰੀ ਹਰਬਲਾਸ ਲਾਲੀ ਅਤੇ ਸਰਗਰਮ ਮੈਂਬਰ ਸ੍ਰੀ ਬਲਵੀਰ ਚੌਹਾਨ ਜੀ ਦੇ ਨਾਮ ਵਰਨਣਯੋਗ ਹਨ। ਇਹਨਾਂ ਤੋਂ ਇਲਾਵਾ ਆਏ ਮਹ੍ਹਿਮਾਨਾਂ 'ਚ ਸ੍ਰੀ ਬਾਸਦੇਵ ਜੱਸਲ,ਸ੍ਰੀ ਜਸਵਿੰਦਰ ਸਿੰਘ ਮਹੇਂ,ਸ੍ਰੀ ਪਵਨ ਕੁਮਾਰ ਜੱਸਲ, ਸ੍ਰੀ ਰਾਜੀਵ ਲਾਲ, ਸੰਸਥਾਂ ਦੇ ਚੇਅਰਮੈਨ ਸ੍ਰੀ ਮਦਨ ਸਿੰਘ ਬੱਧਨ, ਸ੍ਰੀ ਬਲਵੀਰ ਚੰਦ ਰੰਧਾਵਾਂ, ਸ੍ਰੀ ਪਿਆਰਾ ਲਾਲ ਇੰਦਣਾਂ ਦੇ ਨਾਮ ਜ਼ਿਕਰਯੋਗ ਹਨ। ਪ੍ਰੋਗਰਾਮ ਦੀ ਸੰਚਾਲਨਾ ਬਲਵਿੰਦਰ ਭੌਰਾ ਨੇ ਬਾਖੂਬੀ ਨਿਭਾਈ ਅਤੇ ਅੰਤ ਸਭ ਦਾ ਧੰਨਵਾਦ ਕੀਤਾ।

# ਅੰਤਰ ਰਾਸ਼ਟਰੀ ਬਾਲੜੀ ਦਿਵਸ ਮਨਾਇਆ




ਫਗਵਾੜਾ- ਇੱਥੋਂ ਨਜ਼ਦੀਕੀ ਪਿੰਡ ਵਿਰਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਰਕ ਵਿਖੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਜਾਰੀ ਹਦਾਇਤਾਂ ਅਨੁਸਾਰ 'ਅੰਤਰ ਰਾਸ਼ਟਰੀ ਬਾਲੜੀ ਦਿਵਸ' ਮਨਾਉਣ ਲਈ ਸਮਾਗਮ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਬੰਗੜ ਨੇ ਕੀਤੀ। ਸਭ ਤੋਂ ਪਹਿਲਾਂ ਹੈਡ ਟੀਚਰ ਕੁਲਦੀਪ ਸਿੰਘ ਨੇ ਬੱਚਿਆਂ, ਮਾਪਿਆਂ ਅਤੇ ਕਮੇਟੀ ਦੇ ਮੈਂਬਰਾਂ ਨੂੰ ਅੰਤਰ ਰਾਸ਼ਟਰੀ ਬਾਲੜੀ ਦਿਵਸ ਮਨਾਉਣ ਦੇ ਮੰਤਵ ਬਾਰੇ ਦੱਸਿਆ। ਇਸ ਸਮੇਂ ਸਕੂਲ ਮੈਨੇਜਮੈਂਟ ਕਮੇਟੀ ਦੇ ਸਿੱਖਿਆ ਮਾਹਿਰ ਮੈਂਬਰ ਸ. ਸਤਨਾਮ ਸਿੰਘ ਵਿਰਕ ਨੇ ਆਪਣੇ ਸੰਬੋਧਨ ਵਿਚ, ਸਕੂਲਾਂ ਵਿਚ 'ਅੰਤਰ ਰਾਸ਼ਟਰੀ ਬਾਲੜੀ ਦਿਵਸ' ਮਨਾਉਣ ਦੀ ਪੁਰਜ਼ੋਰ ਸ਼ਲਾਘਾ ਕੀਤੀ। ਫਿਰ ਉਹਨਾਂ ਨੇ ਇਤਿਹਾਸ ਦੇ ਪੰਨੇ ਫਰੋਲਦੇ ਹੋਏ ਮਾਈ ਭਾਗੋ, ਮਾਤਾ ਗੁਜਰੀ ਜੀ, ਮਹਾਰਾਣੀ ਜਿੰਦ ਕੌਰ, ਸ਼੍ਰੀਮਤੀ ਇੰਦਰਾ ਗਾਂਧੀ, ਸਰੋਜਨੀ ਨਾਇਡੂ, ਕਲਪਨਾ ਚਾਵਲਾ, ਕਿਰਨ ਬੇਦੀ, ਪੀ. ਟੀ. ਊਸ਼ਾ ਆਦਿ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਉਹਨਾਂ ਨੇ ਕਿਵੇਂ ਮਿਹਨਤ ਅਤੇ ਲਗਨ ਨਾਲ ਜ਼ਿੰਦਗੀ ਵਿਚ ਸੰਘਰਸ਼ ਕੀਤਾ ਅਤੇ ਆਪਣਾ, ਪਰਿਵਾਰ, ਸਮਾਜ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ।

ਅੰਤਰ ਰਾਸ਼ਟਰੀ ਬਾਲੜੀ ਦਿਵਸ ਤੇ ਉਪ ਚੇਅਰਮੈਨ ਜਸਵਿੰਦਰ ਕੌਰ ਨੇ ਬੱਚੀਆਂ ਨੂੰ ਆਪਣੀ ਪੜ੍ਹਾਈ ਪੂਰੀ ਮਿਹਨਤ ਅਤੇ ਲਗਨ ਨਾਲ ਕਰਕੇ, ਜ਼ਿੰਦਗੀ ਵਿਚ ਉਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਇਸ ਸਮੇਂ ਬਲਾਕ ਪੱਧਰੀ ਖੇਡਾਂ ਵਿਚ 100, 200 ਮੀਟਰ ਦੌੜ ਵਿਚ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕਰਨ ਵਾਲੀ ਵਿਦਿਅਰਥਣ ਕੀਮਤੀ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਸਮੇਂ ਬੱਚੀਆਂ ਮੁਸਕਾਨ, ਜਸਨੀਤ, ਅਨਮੋਲ, ਤਾਨੀਆ ਵਿਰਦੀ, ਗੀਤਾ, ਸੁਨੀਤਾ, ਪ੍ਰਿਅੰਕਾ, ਪ੍ਰੀਤੀ, ਨੀਤੂ, ਸਨਪ੍ਰੀਤ, ਮਾਨਸੀ, ਪ੍ਰਿਆ ਰਾਣੀ, ਮੁਸਕਾਨ, ਅੰਜਲੀ, ਨੈਨਸੀ ਚੁੰਬਰ ਆਦਿ ਨੇ ਕਾਵਿਤਾ, ਗੀਤ ਅਤੇ ਵਿਚਾਰ ਪੇਸ਼ ਕੀਤੇ।

# ਸ਼ਟਡਾਊਨ ਦੀ ਸਮਾਪਤੀ

ਨਾਲ ਸਰਕਾਰੀ ਸ਼ਟਡਾਊਨ ਖ਼ਤਮ ਹੋ ਗਿਆ ਤੇ ਅਮਰੀਕੀ ਸਰਕਾਰ ਇਤਿਹਾਸਕ ਕਰਜ਼ ਡੀਫਾਲਟ ਤੋਂ ਬਚ ਗਈ। ਓਬਾਮਾ ਵੱਲੋਂ ਇਸ ਨੂੰ ਸਹੀ ਪਾ ਕੇ ਕਾਨੂੰਨ ਬਣਾ ਦਿੱਤੇ ਜਾਣ ਤੋਂ ਬਾਅਦ ਐਸ.ਐਂਡ.ਪੀ. ਨੇ ਆਪਣੇ ਬਿਆਨ ਵਿਚ ਕਿਹਾ ਹੈ, 'ਹਕੀਕਤ ਇਹ ਹੈ ਕਿ ਸਰਕਾਰੀ ਸ਼ਟਡਾਊਨ ਦਾ ਅਮਰੀਕੀ ਅਰਥਚਾਰੇ ਨੂੰ ਭਾਰੀ ਨੁਕਸਾਨ ਪੁੱਜਾ ਹੈ।'' ਅਦਾਰੇ ਨੇ ਕਿਹਾ ਹੈ ਕਿ ਸ਼ਟਡਾਊਨ ਦੇ ਅਸਰ ਕਾਰਨ ਅਮਰੀਕੀ ਅਰਥਚਾਰੇ ਦੀ ਤੀਜੀ ਤਿਮਾਹੀ ਦੀ ਵਿਕਾਸ ਦਰ 0.6 ਫੀਸਦੀ ਅੰਕਾਂ ਤਕ ਘਟ ਜਾਵੇਗੀ ਅਤੇ ਇਸ ਤਰ੍ਹਾਂ ਅਕਤੂਬਰ ਤੋਂ ਦਸੰਬਰ ਤਕ ਦੀ ਤਿਮਾਹੀ ਦੀ ਸਾਲਾਨਾਕ੍ਰਿਤ ਵਿਕਾਸ ਦਰ ਵੀ ਬੜੀ ਘੱਟ ਮਹਿਜ਼ 2 ਫੀਸਦੀ ਰਹਿ ਜ ਾਵੇਗੀ। ਐਸ.ਐਂਡ.ਪੀ. ਨੇ ਕਿਹਾ ਹੈ ਕਿ ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਸੰਸਦ ਤੇ ਰਾਸ਼ਟਰਪਤੀ ਦਰਮਿਆਨ ਹੋਏ ਸਮਝੌਤੇ ਤਹਿਤ ਸਰਕਾਰ ਨੂੰ ਮਹਿਜ਼ 15 ਜਨਵਰੀ ਤਕ ਦੇ ਹੀ ਫੰਡ ਮਿਲੇ ਹਨ ਅਤੇ ਇਸ ਤਹਿਤ ਸਰਕਾਰ 7 ਫਰਵਰੀ, 2014 ਤਕ ਕਰਜ਼ੇ ਲੈ ਸਕੇਗੀ। ਇਸ ਦਾ ਮਤਲਬ ਹੈ ਕਿ ਹਾਲ ਹੀ ਵਿਚ ਖ਼ਤਮ ਹੋਏ ਆਰਥਿਕ ਖ਼ਤਰੇ ਛੇਤੀ ਹੀ ਦੁਬਾਰਾ ਸਿਰ ਚੁੱਕ ਸਕਦੇ ਹਨ। ਐਸ.ਐਂਡ ਪੀ. ਨੇ ਖ਼ਪਤਕਾਰਾਂ ਨੂੰ ਖ਼ਬਰਦਾਰ ਕੀਤਾ ਹੈ ਕਿ ਇਸ ਸੂਰਤ ਵਿਚ ਉਨ੍ਹਾਂ ਨੂੰ ਮੁੜ ਤੋਂ ਔਖਾ ਸਮਾਂ ਦੇਖਣਾ ਪੈ ਸਕਦਾ ਹੈ।

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਵੱਖ-ਵੱਖ ਗੁਰਦੁ-ਆਰਿਆਂ ਵਿਚ ਤੇਈਵਾਂ ਧਾਰਮਿਕ ਕਵੀ ਦਰਬਾਰ ਕਰਵਾਇਆ

ਮਡੈਸਟੋ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਪੰਜਾਬੀ ਸਾਹਿਤ ਕਲਾ ਦਾ ਸੁਨਹਿਰੀ ਯੁੱਗ ਗੁਰੂ ਕਾਲ 1469 ਤੋਂ 1708 ਤੱਕ ਚਲਾ ਜਾਂਦਾ ਹੈ। ਇਸ ਕਾਲ ਵਿਚ ਸਿੱਖ ਗੁਰੂਆਂ ਦੁਆਰਾ ਰਚਿਆ ਸਾਹਿਤ ਸਾਨੂੰ ਪ੍ਰਤੀਨਿਧ ਅਤੇ ਪ੍ਰਮਾਣੀਕ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਰੱਖਿਅਤ ਮਿਲਦਾ ਹੈ। ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ ਹਨ, ਸਗੋਂ ਇਸ ਵਿਚ ਬੜੀ ਪ੍ਰਬੱਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ ਜੋ ਕਿ ਕ੍ਰਾਂਤੀਕਾਰੀ ਪ੍ਰੇਰਨਾ ਦਿੰਦੀ ਹੈ। ਇਸ ਕਾਲ



ਵਿਚ ਸੂਫੀ ਸਾਹਿਤ ਵੀ ਰਚਿਆ ਗਿਆ ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ, ਬੁੱਲ੍ਹੇ ਸ਼ਾਹ, ਅਲੀ ਹੈਦਰ ਨੇ ਸੂਫੀ ਸਾਹਿਤ ਵਿਚ ਵੀ ਪ੍ਰਮਾਤਮਾ ਦੀ ਉਸਤੱਤ ਗਾਈ ਅਤੇ ਸਮੇਂ ਦੇ ਰਾਜਸੀ ਤੇ ਸਮਾਜੀ ਵਰਤ ਵਿਵਹਾਰ ਉਤੇ ਚੋਟਾਂ ਵੀ ਕੀਤੀਆਂ ਗਈਆਂ। ਗੁਰੂ ਕਾਲ ਦੇ ਸੁਨਹਿਰੀ ਯੁੱਗ ਦੀ ਲੜੀ ਨੂੰ ਜੋੜਨ ਅਤੇ ਅਗਾਂਹ ਤੋਰਨ ਦੇ ਯਤਨਾਂ ਲਈ ਵਚਨਬੱਧ ਮਿਸ਼ਨ ਦੇ ਕਵੀਆਂ ਨੇ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ ਸਿੱਖ ਟੈਂਪਲ ਮਡੈਸਟੋ ਵਿਖੇ ਤੇਈਵਾਂ ਧਾਰਮਿਕ ਕਵੀ ਦਰਬਾਰ ਬੜੀ ਸਫਲਤਾ ਨਾਲ ਸੰਪੰਨ ਕਰਵਾਇਆ। ਗੁਰਦੁਆਰੇ ਦੇ ਇਤਿਹਾਸ ਵਿਚ ਨੀਂਹ ਪੱਥਰ 1989 ਵਿਚ ਰੱਖਿਆ ਗਿਆ ਅਤੇ ਇਕ ਚੰਗੇ ਬਣੇ ਘਰ ਵਿਚ ਸੇਵਾ ਸ਼ੁਰੂ ਕੀਤੀ ਗਈ। ਫਿਰ ਸੰਗਤ ਦੇ 20 ਮੈਂਬਰਾਂ ਨੇ ਯੋਗਦਾਨ ਪਾ ਕੇ ਗੁਰਦੁਆਰਾ ਸਥਾਪਤ ਕਰਨ ਦਾ ਕਾਰਜ ਆਰੰਭਿਆ। ਉਸ ਵੇਲੇ ਬੈਂਕ ਤੋਂ ਕਰਜ਼ਾ ਨਾ ਮਿਲਣ 'ਤੇ ਵੀ ਸੰਗਤਾਂ ਨੇ ਯੋਗਦਾਨ ਪਾ ਕੇ ਨਾਲ ਲੱਗਦੀ ਫਾਰਮ ਨੁਮਾ 12 ਏਕੜ ਜਗ੍ਹਾ ਤੇ 1998 ਵਿਚ ਸਥਾਪਨਾ ਕੀਤੀ ਹੈ। ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੀ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਸਵੇਰੇ 5 ਵਜੇ ਪ੍ਰਕਾਸ਼ ਹੁੰਦੇ ਹਨ, ਨਿੱਤਨੇਮ ਹੁੰਦੇ ਹਨ।

ਸ਼ਾਮ ਦੇ ਦੀਵਾਨਾ ਵਿਚ ਰਹਿਰਾਸ ਸਾਹਿਬ ਜੀ ਦੇ ਪਾਠ, ਕੀਰਤਨ ਹੁੰਦੇ ਹਨ। ਪੰਜਾਬੀ ਸਕੂਲ ਵਿਚ 170 ਬੱਚੇ ਦਾਖਲ ਹਨ। ਸ਼ਨੀਚਰਵਾਰ ਦੇ ਦਿਨ ਵਿਆਹਾਂ ਦਾ ਪ੍ਰਬੰਧ ਵੀ ਹੈ। ਭਾਈਚਾਰਕ ਲੰਗਰ ਅਤੇ ਕੰਬਲ ਵੰਡੇ ਜਾਂਦੇ ਹਨ। ਸਾਰੇ ਪੁਰਬ ਮਨਾਏ ਜਾਂਦੇ ਹਨ। ਪ੍ਰਬੰਧਕਾਂ ਵਿਚ ਭਾਈ ਜਗਤਾਰ ਸਿੰਘ ਸੰਧੂ ਜਨਰਲ ਸਕੱਤਰ, ਭਾਈ ਮਨਜੀਤ ਸਿੰਘ ਗਰੇਵਾਲ, ਪ੍ਰਧਾਨ/ਸਕੱਤਰ, ਭਾਈ ਪ੍ਰਮਜੀਤ ਸਿੰਘ ਬੈਂਸ ਖਜਾਨਚੀ, ਭਾਈ ਮਨਜੀਤ ਸਿੰਘ ਸੇਂਬੀ ਸਹਾਇਕ ਖਜਾਨਚੀ, ਭਾਈ ਟਹਿਲ ਸਿੰਘ ਸੈਂਬੀ ਐਡੀਟਰ, ਭਾਈ ਬਲਬੀਰ ਸਿੰਘ ਗਰੇਵਾਲ ਮੈਂਬਰ, ਭਾਈ ਅਮਰਜੀਤ ਸਿੰਘ ਅਟਵਾਲ ਮੈਂਬਰ, ਭਾਈ ਸਰਦੂਲ ਸਿੰਘ ਬਾਜਵਾ ਮੈਂਬਰ, ਹਜ਼ੂਰੀ ਜਥੇ ਵਿਚ ਭਾਈ ਮਨਜੀਤ ਸਿੰਘ ਫਿਲੌਰ ਮੁੱਖ ਸੇਵਾਦਾਰ, ਭਾਈ ਅਮਰਜੀਤ ਸਿੰਘ ਫਿਲੌਰ ਸਹਾਇਕ ਹੈਂਡ ਗ੍ਰੰਥੀ, ਭਾਈ ਅਮਰਜੀਤ ਸਿੰਘ ਯੋਗੀ ਕੀਰਤਨੀ ਹਨ। ਮਿਸ਼ਨ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਪ੍ਰਬੰਧਕਾਂ ਵੱਲੋਂ ਤੁਰੰਤ ਧਾਰਮਿਕ ਕਵੀ ਦਰਬਾਰ ਕਰਨ ਦਾ ਸੱਦਾ ਦਿੱਤਾ ਗਿਆ। ਕਵੀ ਸ਼ਾਮਲ ਸਨ, ਬੀਬੀ ਰਾਜਵਿੰਦਰ ਕੌਰ ਢਿੱਲੋਂ, ਤਰਸੇਮ ਸਿੰਘ ਸੁਮਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਬੀਬੀ ਗੁਰਦੇਵ ਕੌਰ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਪ੍ਰੋ. ਸੁਰਜੀਤ ਸਿੰਘ ਨਨੂਆਂ ਆਦਿ। ਮਿਸ਼ਨ ਦੇ ਕਵੀਆਂ ਵੱਲੋਂ ਧਾਰਮਿਕ ਸਾਹਿਤ ਇਤਿਹਾਸ ਅਤੇ ਵਿਰਸੇ ਦੀਆਂ ਭਾਵਪੂਰਕ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕਾਂ ਵੱਲੋਂ ਮਹਿਸੂਸ ਕੀਤਾ ਗਿਆ ਕਿ ਅਜਿਹੇ ਧਾਰਮਿਕ ਕਵੀ ਦਰਬਾਰਾਂ ਦੇ ਸਾਰਥਕ ਸਿੱਟੇ ਨਿਕਲ ਸਕਦੇ ਹਨ। ਮਿਸ਼ਨ ਦੇ ਕਵੀਆਂ ਨੇ ਜੋ ਕਾਰਜ ਆਰੰਭਿਆ ਹੈ, ਉਸ ਵਿਚ ਉਹਨਾਂ ਨੂੰ ਨਿਸਚੇ ਹੀ ਸਫਲਤਾ ਮਿਲੇਗੀ। ਮੰਚ ਸੰਚਾਲਨ ਹਮੇਸ਼ਾ ਦੀ ਤਰ੍ਹਾਂ 'ਪ੍ਰਵਾਨਾ' ਵੱਲੋਂ ਸੂਫੀ ਸ਼ਾਇਰੀ ਅਤੇ ਧਾਰਮਿਕ ਟੂਕਾਂ ਨਾਲ ਬਾਖੂਬੀ ਨਿਭਾਇਆ ਗਿਆ। ਸਿੱਖ ਇਤਿਹਾਸ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਕ ਯਾਦਗਾਰੀ ਤਸਵੀਰ ਨਾਲ ਫਤਿਹ ਬੁਲਾਈ।

# ਹੁਣ ਮੰਗਲ ਵੱਲ ਭਾਰਤ ਦੇ ਕਦਮ

**- ਡਾ. ਕੁਲਦੀਪ ਸਿੰਘ ਧੀਰ**

ਭਾਰਤੀ ਪੁਲਾੜੀ ਸੰਸਥਾ ਇਸਰੋ ਨੇ ਕੋਈ ਸੁਸਤੀ ਨਹੀਂ ਵਿਖਾਈ। ਇੱਕ ਸਾਲ ਵਿੱਚ ਹੀ ਮਿਸ਼ਨ ਮੰਗਲ ਲਈ ਪੁਲਾੜੀ ਯਾਨ ਤਿਆਰ ਕਰ ਦਿੱਤਾ ਹੈ। ਬੀਤੇ ਸਾਲ ਪੰਦਰਾਂ ਅਗਸਤ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਐਲਾਨ ਕੀਤਾ ਸੀ ਕਿ ਅਸੀਂ ਛੇਤੀ ਹੀ ਮੰਗਲ ਵੱਲ ਪੁਲਾੜੀ ਵਾਹਨ ਭੇਜਾਂਗੇ। ਐਲਾਨ ਨੂੰ ਸਾਲ ਹੀ ਹੋਇਆ ਹੈ ਅਤੇ ਇਸਰੋ ਨੇ ਮੰਗਲ ਵਾਸਤੇ ਪੁਲਾੜ ਵਿੱਚ ਛਾਲ ਮਾਰਨ ਲਈ ਪੂਰੀ ਤਿਆਰੀ ਵੀ ਕਰ ਲਈ ਹੈ। ਅਕਤੂਬਰ-ਨਵੰਬਰ 2013 ਵਿੱਚ ਮੰਗਲ ਧਰਤੀ ਦੇ ਸਭ ਤੋਂ ਨੇੜੇ ਹੋਵੇਗਾ। ਉਹ ਇਸ ਐਲਾਨ ਉਪਰੰਤ ਪ੍ਰਾਪਤ ਪਹਿਲੀ ਲਾਂਚਿੰਗ ਵਿੰਡੋ ਹੈ। ਇਹ ਮੌਕਾ ਛੱਬੀ ਮਹੀਨੇ ਬਾਅਦ ਫਿਰ ਆਉਣਾ ਹੈ। ਇਸ ਪਹਿਲੀ ਵਿੰਡੋ ਵਿੱਚ ਹੀ ਉਚਿਤ ਸਮਾਂ ਵੇਖ ਕੇ ਇਸਰੋ ਵੱਲੋਂ ਮੰਗਲ ਵੱਲ ਭਾਰਤੀ ਮੰਗਲਯਾਨ ਲਾਂਚ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸਰੋ ਦੇ ਵਿਗਿਆਨੀ ਮਾਰਜ਼ ਆਰਬਾਈਟਰ ਦੀ ਅਸੈਂਬਲੀ ਤੇ ਪਰਖ-ਪਰੀਖਣ ਨੂੰ ਸ਼ੀਸ਼ੇ ਦੀਆਂ ਦੀਵਾਰਾਂ ਵਾਲੇ ਕਲੀਨ ਰੂਮ ਵਿੱਚ ਅੰਤਿਮ ਛੋਹਾਂ ਦੇ ਰਹੇ ਹਨ। ਸਾਢੇ ਚਾਰ ਸੌ ਕਰੋੜ ਰੁਪਏ ਲਾਗਤ ਵਾਲਾ ਸਾਡਾ ਮਾਰਜ਼ ਆਰਬਾਈਟਰ ਮਿਸ਼ਨ ਬਸ ਹੁਣ ਛੇਤੀ ਹੀ ਹਕੀਕਤ ਵਿੱਚ ਬਦਲਣ ਵਾਲਾ ਹੈ। ਇਸਰੋ ਦੇ ਚੇਅਰਮੈਨ ਡਾ. ਕੇ. ਰਾਧਾਕ੍ਰਿਸ਼ਨਨ ਤੇ ਉਨ੍ਹਾਂ ਦੀ ਟੀਮ, ਜੋ ਪਿਛਲੇ ਕਾਫ਼ੀ ਸਮੇਂ ਤੋਂ ਜੀ ਐੱਸ ਐੱਲ ਵੀ ਅਤੇ ਇਸ ਦੇ ਕਰਾਇਓਜੈਨਿਕ ਇੰਜਣ ਦੀ ਨਾਕਾਮੀ ਕਰਕੇ ਰਤਾ ਉਦਾਸ ਸਨ, ਹੁਣ ਚੜ੍ਹਦੀ ਕਲਾ ਵਿੱਚ ਹੈ। ਚੜ੍ਹਦੀ ਕਲਾ ਤਾਂ ਹੋਣੀ ਹੀ ਹੈ। ਅਮਰੀਕਾ, ਰੂਸ, ਚੀਨ ਤੇ ਜਪਾਨ ਵਾਂਗ ਉਨ੍ਹਾਂ ਨੇ ਭਾਰਤ ਨੂੰ ਵੀ ਮੰਗਲ ਦੇ ਚੱਕਰ ਕੱਟਣ ਯੋਗ ਤਕਨਾਲੋਜੀ ਦੇ ਦਿੱਤੀ ਹੈ। ਇਸ ਵੇਲੇ ਜਦੋਂ ਅਮਰੀਕਾ ਦੇ ਦੋ ਰੋਵਰ ਗਡੀਹਰੇ ਮੰਗਲ ਉੱਤੇ ਤੁਰ-ਫਿਰ ਕੇ ਤਜਰਬੇ ਕਰ ਰਹੇ ਹਨ, ਅਸੀਂ ਮੰਗਲ ਦੀ ਪਰਿਕਰਮਾ ਕਰਦੇ ਹੋਏ ਉਨ੍ਹਾਂ ਦੀਆਂ ਤਸਵੀਰਾਂ ਲੈਣ ਯੋਗ ਹੋ ਗਏ ਹਾਂ। ਇਸ ਸਾਲ ਅਗਸਤ ਵਿੱਚ ਅਮਰੀਕੀ ਰੋਵਰ ਕਰਿਓਸਿਟੀ ਨੂੰ ਮੰਗਲ ਉੱਤੇ ਉਤਰਿਆਂ ਇੱਕ ਸਾਲ ਹੋ ਗਿਆ ਹੈ। ਦਸ ਸਾਲ ਹੋ ਗਏ ਹਨ ਅਪਰਚਿਊਨਿਟੀ ਰੋਵਰ ਨੂੰ। ਸਾਲ 2003 ਤੋਂ ਲੈ ਕੇ 2013 ਆ ਗਿਆ ਹੈ। ਇਹ ਇਕੱਲਾ ਉਜਾੜ ਮੰਗਲ ਦੀਆਂ ਸੈਰਾਂ ਕਰ ਰਿਹਾ ਹੈ। ਅਪਰਚਿਊਨਿਟੀ ਤਕਰੀਬਨ ਛੱਤੀ ਕਿਲੋਮੀਟਰ ਦੀ ਸੈਰ ਕਰ ਚੁੱਕਿਆ ਹੈ। ਮੰਗਲ ਦੀ ਧਰਤੀ ਦੀਆਂ ਫੋਟੋਆਂ ਲੈ ਕੇ ਭੇਜੀ ਜਾਂਦਾ ਹੈ। ਥਾਂ-ਥਾਂ ਤੋਂ ਮਿੱਟੀ ਪੁੱਟ ਕੇ ਪਰਖਦਾ ਹੈ ਅਤੇ ਉਸ ਦੇ ਵੇਰਵੇ ਧਰਤੀ ਉੱਤੇ ਭੇਜਦਾ ਹੈ। ਪਿਛਲੇ ਪੌਣੇ ਦੋ ਸਾਲ ਤੋਂ ਇਹ ਐਂਡੇਵਰ ਕਰੇਟਰ ਦੀ ਛਾਣਬੀਣ ਕਰ ਰਿਹਾ ਹੈ। ਇਸ ਪਿੱਛੋਂ ਇਸ ਦੇ ਸਾਹ ਸਭ ਇੰਜ ਹੀ ਚਲਦੇ ਰਹੇ ਤਾਂ ਇਹ ਸੋਲੈਂਡਰ ਪੁਆਇੰਟ ਦੀ ਮੰਗਲ ਦੀ ਸਤਹਿ ਦੀਆਂ ਵੱਖ-ਵੱਖ ਪਰਤਾਂ ਫਰੋਲੇਗਾ। ਕਰਿਓਸਿਟੀ ਵੀ ਪੰਝੀ-ਤੀਹ ਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੁਰਿਆ ਫਿਰਦਾ ਹੈ ਜਿਵੇਂ ਛੇ ਪਹੀਆਂ ਵਾਲੀ ਸਪੋਰਟਸ ਕਾਰ। ਪਰਮਾਣੂ ਊਰਜਾ ਨਾਲ ਚੱਲਣ ਵਾਲੇ ਸਤਾਰਾਂ ਕੈਮਰੇ ਲੈ ਕੇ। ਇਹ ਵੀ ਡੇਢ ਕਿਲੋਮੀਟਰ ਦੂਰੀ ਤਕ ਫਰੋਲਾ-ਫਾਲੀ ਕਰ ਚੁੱਕਾ ਹੈ।

ਇਹ ਰੋਵਰ ਬੜੇ ਮਹਿੰਗੇ ਹਨ। ਕਰਿਓਸਿਟੀ ਉੱਤੇ ਅਮਰੀਕਾ ਦੇ ਢਾਈ ਅਰਬ ਡਾਲਰ ਲੱਗੇ। ਰੁਪਈਆਂ ਵਿੱਚ ਹਿਸਾਬ ਲਾਓ ਤਾਂ ਨਾਂਹ-ਨਾਂਹ ਕਰਦੇ ਵੀ ਡੇਢ ਸੌ ਅਰਬ ਰੁਪਏ। 15,000 ਕਰੋੜ ਥੋੜ੍ਹੇ ਨਹੀਂ ਹੁੰਦੇ। ਇਸਰੋ ਨੇ ਤਾਂ ਇਸ ਦੇ ਤੇਤੀਵੇਂ ਹਿੱਸੇ ਨਾਲ ਹੀ ਆਪਣਾ ਮਾਰਜ਼ ਆਰਬਾਈਟਰ ਮਿਸ਼ਨ ਪੂਰਾ ਕਰ ਲੈਣਾ ਹੈ। ਇਸ ਲਈ ਸਾਨੂੰ ਆਪਣੇ ਵਿਗਿਆਨੀਆਂ ਤੇ ਇਸਰੋ ਦੇ ਹਰ ਕਰਮਚਾਰੀ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ। ਸੱਚ ਤਾਂ ਇਹ ਹੈ ਕਿ ਸਾਡੇ ਦੇਸ਼ ਵਿੱਚ ਹਰ ਪ੍ਰਕਾਰ ਦੀ ਤਕਨੀਕੀ ਵਿਗਿਆਨਕ ਪ੍ਰਤਿਭਾ ਹੈ। ਅਜਿਹੇ ਮਹਿੰਗੇ ਪ੍ਰਾਜੈਕਟਾਂ ਲਈ ਸਾਧਨਾਂ ਦੀ ਕਮੀ ਹੈ। ਜ਼ਿਕਰਯੋਗ ਹੈ ਕਿ ਕਰਿਓਸਿਟੀ ਰੋਵਰ ਦੇ ਲੈਂਡਿੰਗ ਸਿਸਟਮ ਦੇ ਕੰਪਿਊਟਰ ਇੱਕ ਭਾਰਤੀ ਅਨੀਤਾ ਸੇਨਗੁਪਤਾ ਦੇ ਡਿਜ਼ਾਈਨ ਕੀਤੇ ਹੋਏ ਹਨ। ਪੈਸੇ ਦੀ ਕਮੀ ਕਰਕੇ ਅਸੀਂ ਤਾਂ ਹਾਲੇ ਚੰਨ ਉੱਤੇ ਵੀ ਆਪਣਾ ਰੋਵਰ ਨਹੀਂ ਉਤਾਰ ਸਕੇ। ਇਹ ਵੱਖਰੀ ਗੱਲ ਹੈ ਕਿ ਇਹ ਕਾਰਜ ਅਸੀਂ ਅਗਲੇ ਸਾਲ ਡੇਢ ਸਾਲ ਵਿੱਚ ਚੰਦਰਯਾਨ-2 ਨਾਲ ਕਰਨ ਲਈ ਕਮਰਕੱਸੀ
ਬੈਠੇ ਹਾਂ।

ਅਹਿਲੇ ਹਿੰਮਤ ਕੇ ਲੀਏ ਦੂਰ ਨਹੀਂ ਮੰਜ਼ਿਲ
ਉਠੇ ਭੀ ਤੋ ਕੋਈ, ਮੰਜ਼ਿਲ ਕਾ ਇਰਾਦਾ ਲੇਕਰ।

ਹੁਣ ਜਦੋਂ ਅਮਰੀਕਾ ਤੇ ਹੋਰ ਪੁਲਾੜੀ ਤਾਕਤਾਂ 2030-40 ਤਕ ਮੰਗਲ ਉੱਤੇ ਮਨੁੱਖੀ ਰੈਣ ਬਸੇਰਾ ਬਣਾਉਣ ਦਾ ਨਿਸ਼ਾਨਾ ਮਿਥ ਰਹੇ ਹਨ, ਅਸੀਂ ਵੀ ਮੰਗਲ ਵੱਲ ਛਾਲ ਮਾਰਨ ਲਈ ਤਿਆਰੀ ਕਰ ਲਈ ਹੈ। ਸਾਡੇ ਮੰਗਲਯਾਨ ਦਾ ਕੰਮ ਚੰਦਰਯਾਨ ਤੋਂ ਕਿਤੇ ਵੱਧ ਔਖਾ ਹੈ। ਸੌਖਾ ਤਾਂ ਚੰਨ ਵੱਲ ਉਡਾਰੀ ਮਾਰਨਾ ਵੀ ਨਹੀਂ ਸੀ। ਉਸ ਵਿੱਚ ਸਫ਼ਲ ਹੋਣ ਉਪਰੰਤ ਉਹ ਹੁਣ ਸਾਨੂੰ ਸੌਖਾ ਲੱਗਦਾ ਹੈ। ਮੰਗਲਯਾਨ ਨਵੀਆਂ ਵੰਗਾਰਾਂ ਲਈ ਬੈਠਾ ਹੈ। ਮੰਗਲ ਪਚਵੰਜਾ ਕਰੋੜ ਕਿਲੋਮੀਟਰ ਦੂਰ ਹੈ। ਚੰਨ ਤਾਂ ਚਾਰ ਲੱਖ ਕਿਲੋਮੀਟਰ ਤੋਂ ਵੀ ਰਤਾ ਘੱਟ ਦੂਰ ਸੀ।

## ਜੈ ਭੀਮ ਜੈ ਭਾਰਤ

**ਮੈਂ ਮੌਜੂਦਾ ਸਮਾਜਿਕ, ਆਰਥਿਕ,ਰਾਜਨੀਤਕ ਅਤੇ ਧਾਰਮਿਕ ਬਣਤਰ ਨੂੰ ਬਦਲਣਾ ਚਹੁੰਦਾ ਹਾਂ, ਮੇਰਾ ਕਿਸੇ ਨਾਲ ਜਾਤੀ ਵੈਰ ਵਿਰੋਧ ਨਹੀਂ, ਸਗੋ ਜਾਤੀ ਪ੍ਰਬੰਧ ਨਾਲ ਹੈ ਜਿਸ ਨੇ ਸਾਨੂੰ ਹਜ਼ਾਰਾਂ ਸਾਲਾਂ ਤੋਂ ਪਛਾੜਿਆ ਹੋਇਆ ਹੈ।**

**ਜਾਤ ਛੋੜੋ, ਸਮਾਜ ਜੋੜੋ। (ਕਾਂਸ਼ੀ ਰਾਮ ਜੀ)**



## ਸਾਹਿਬ ਸ੍ਰੀ ਕਾਂਸ਼ੀ ਰਾਮ ਜੀ

## ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਸੱਤਵੀਂ ਬਰਸੀ ਤੇ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ

ਭਾਰਤ ਦੀ ਮੂਲ ਨਿਵਾਸੀ ਸੁੱਤੀ, ਲਿਤਾੜੀ ਅਤੇ ਪਿਛਾੜੀ ਹੋਈ ਕੌਮ ਦੇ ਰਾਸ਼ਟਰੀ ਨੇਤਾ,ਮਹਾਨ ਰਹਿਬਰ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ 20 ਅਕਤੂਬਰ ਦਿਨ ਐਤਵਾਰ 2013 ਨੂੰ ਮਨਾਈ ਜਾ ਰਹੀ ਹੈ। ਬਾਬੂ ਕਾਂਸ਼ੀ ਰਾਮ ਜੀ ਜੋ ਸਾਡੇ ਕੋਲੋਂ 9 ਅਕਤੂਬਰ 2006 ਨੂੰ ਸਦਾ ਲਈ ਵਿਛੜ ਗਏ ਹਨ। ਬਾਬੂ ਕਾਂਸ਼ੀ ਰਾਮ ਜੀ ਨੇ ਇੱਕ ਹੀ ਫਿਰਕੇ ਦੀ ਗੱਲ ਨਹੀ ਕੀਤੀ, ਉਹਨਾਂ ਨੇ ਉਹਨਾਂ ਲੋਕਾਂ ਦੀ ਗੱਲ ਕੀਤੀ ਜੋ ਗਰੀਬੀ ਦੀ ਦਲਦਲ ਵਿੱਚ ਫਸੇ ਸਨ। ਉਨ੍ਹਾਂ ਨੇ ਹਮੇਸ਼ਾ ਹੀ ਗਰੀਬਾਂ ਦੀ ਬਾਂਹ ਫੜੀ ਜੋ ਪੜ੍ਹਾਈ ਤੋਂ ਅਸਮਰਥ ਤੇ ਰੋਟੀ ਤੋਂ ਲਾਚਾਰ ਸਨ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਪ੍ਰੋਗਰਾਮ:-** ਸ੍ਰੀ ਅਖੰਡ ਪਾਠ ਸਾਹਿਬ ਜੀ 18 ਅਕਤੂਬਰ ਤੋਂ 11:00 ਵਜੇ ਪ੍ਰਾਅੰਭ ਹੋਣਗੇ 20 ਅਕਤੂਬਰ ਦਿਨ ਐਤਵਾਰ ਨੂੰ 10:30 ਵਜੇ ਸਵੇਰੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

## SHRI GURU RAVI DASS SABHA OF NEW YORK INC.

**61-01 Broadway Woodside NY 11377**

**ਗੁਰੂਘਰ ਦੇ ਫੋਨ ਨੰਬਰ:- 718-898-8150, Fax:-718-898-0932**

**ਧੰਨਵਾਦ ਸਹਿਤ :- ਸਮੂਹ ਪ੍ਰੰਬਧਕ ਕਮੇਟੀ ਅਤੇ ਟਰਸਟ ਕਮੇਟੀ**

# ਦਲਿਤਾਂ ਦੀਆਂ ਮੂਲ ਸਮੱਸਿਆਵਾਂ ਤੇ ਉਹਨਾਂ ਦੇ ਹੱਲ ਸਬੰਧੀ ਵਿਦਵਾਨਾਂ ਦੀਆਂ ਚਿੰਤਾਵਾਂ- ਇਕ ਸੈਮੀਨਾਰ ਰਿਪੋਰਟ



- ਫਤਿਹਜੰਗ ਸਿੰਘ

ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਦੇ ਇੰਡੀਅਨ ਕੌਂਸਲ ਫਾਰ ਸੋਸ਼ਲ ਸਾਇੰਸ ਰਿਸਰਚ (ਆਈ. ਸੀ. ਐਸ.ਐਸ. ਆਰ.) ਵੱਲੋਂ ''ਇੱਕੀਵੀਂ ਸਦੀ ਵਿਚ ਦਲਿਤ ਅਧਿਐਨ-ਭਵਿੱਖ ਵੱਲ ਨਜ਼ਰ'' ਵਿਸ਼ੇ ਤੇ ਦੋ ਦਿਨਾਂ ਸੈਮੀਨਾਰ ਕਰਵਾਇਆ ਗਿਆ। ਇਸ ਵਿਚ ਪੰਜਾਬ ਯੂਨੀਵਰਸਿਟੀ ਤੋਂ ਇਲਾਵਾ ਦਿੱਲੀ, ਯੂ. ਪੀ., ਪੱਛਮੀ ਬੰਗਾਲ, ਹਰਿਆਣਾ, ਮਹਾਂਰਾਸ਼ਟਰ, ਹਿਮਾਚਲ ਅਤੇ ਆਂਧਰਾ ਪ੍ਰਦੇਸ਼ ਤੋਂ ਵਿਦਵਾਨਾਂ ਨੇ ਭਾਗ ਲਿਆ। ਇਹ ਇਕ ਬਹੁਤ ਚੰਗਾ ਹੰਭਲਾ ਸੀ ਜਿਸ ਵਿਚ ਸਦੀਆਂ ਤੋਂ ਪਛਾੜੇ ਦਲਿਤਾਂ ਨੂੰ ਯੂਨੀਵਰਸਿਟੀ ਪੱਧਰ ਤੇ ਅਧਿਐਨ ਦਾ ਵਿਸ਼ਾ ਬਣਾ ਕੇ ਉਹਨਾਂ ਦੀਆਂ ਸਮੱਸਿਆਵਾਂ ਉਤੇ ਭਰਪੂਰ ਚਰਚਾ ਕੀਤੀ ਗਈ, ਜਿਸਦਾ ਸਿਹਰਾ ਮੁੱਖ ਤੌਰ ਤੇ ਡਾ. ਰੌਣਕੀ ਰਾਮ ਅਤੇ ਆਈ. ਸੀ. ਐਸ. ਐਸ. ਆਰ. ਦੇ ਡਾਇਰੈਕਟਰ ਡਾ. ਸਤਿੰਦਰ ਕੇ. ਸ਼ੁਕਲਾ ਦੇ ਸਿਰ ਹੈ।

ਜੇ ਇਤਿਹਾਸਕ ਤੌਰ ਤੇ ਵੇਖਿਆ ਜਾਵੇ ਤਾਂ ਆਰੀਅਨ ਦੇ ਆਗਮਨ (1500 ਬੀ. ਸੀ.) ਤੋਂ ਪਹਿਲਾਂ ਇੱਥੋਂ ਦੀ ਸਿੰਧੂ ਘਾਟੀ ਸਭਿਅਤਾ ਦੇ ਲੋਕ ਬੜੇ ਉਨਤ ਤੇ ਖੁਸ਼ਹਾਲ ਸਨ ਜੋ ਆਰੀਅਨ ਹਮਲਿਆਂ ਦਰਮਿਆਨ ਖਿੰਡ ਪੁੰਡ ਗਏ ਅਤੇ ਆਰੀਅਨ ਦੀ ਸਮਾਜ ਨੂੰ ਜਾਤ ਪਾਤ ਤੇ ਊਚ ਨੀਚ ਵਾਲੀ ਅਮਾਨਵੀ ਵਿਵਸਥਾ ਵਿਚ ਵੰਡਣ ਦੀ ਘਟੀਆ ਰਾਜਨੀਤੀ ਦਾ ਸ਼ਿਕਾਰ ਹੋ ਗਏ। ਫਿਰ 500 ਬੀ. ਸੀ. ਵਿਚ ਗੌਤਮ ਬੁੱਧ ਦੇ ਮਾਨਵਵਾਦੀ ਬਰਾਬਰਤਾ ਵਾਲੇ ਸਮਾਜਿਕ ਸਿਧਾਂਤ ਦੇ ਹੋਂਦ ਵਿਚ ਆਉਣ ਨਾਲ ਇਹਨਾਂ ਨੂੰ ਰਾਹਤ ਮਿਲੀ ਜੋ ਅਸ਼ੋਕ ਦੇ ਰਾਜ ਵੇਲੇ ਸਿਖਰ ਤੇ ਪਹੁੰਚ ਕੇ ਅਸ਼ੋਕ ਦੇ ਪੋਤਰੇ ਰਾਜਾ ਬ੍ਰਿਹਿਦਰਥ ਦੇ ਕਤਲ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਜਾਣ ਪਿੱਛੋਂ ਢਹਿੰਦੀ ਕਲਾ ਵਿਚ ਚਲੀ ਗਈ। ਪੰਦਰਵੀਂ ਸਦੀ ਦੇ ਅੱਧ ਤੋਂ ਲੈ ਕੇ ਸਿੱਖ ਲਹਿਰ ਨੇ ਅਠਾਰਵੀਂ ਸਦੀ ਦੇ ਅੱਧ ਤੱਕ ਭਾਰਤ ਦੇ ਕਾਫੀ ਵੱਡੇ ਹਿੱਸੇ ਵਿਚ ਫਿਰ ਮਾਨਵਵਾਦੀ ਸੰਦੇਸ਼ ਦਿੱਤਾ, ਜਿਸ ਵਿਚ ਦਲਿਤਾਂ ਨੂੰ ਵੱਡੀ ਰਾਹਤ ਮਿਲੀ, ਜੋ ਬਾਅਦ ਵਿਚ ਘਟਦੀ ਘਟਦੀ ਖਾਤਮੇ ਦੇ ਨੇੜੇ ਪੁੱਜ ਗਈ। ਭਾਵੇਂ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਕੁਝ ਮਹਾਂਪੁਰਸ਼ਾਂ ਵੱਲੋਂ ਦਲਿਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਪਰ ਆਰੀਅਨ ਤੋਂ ਬਾਅਦ ਹੋਂਦ ਵਿਚ ਆਉਣ ਵਾਲੀ ਗ਼ੈਰ-ਬਰਾਬਰੀ ਵਾਲੀ ਬ੍ਰਾਹਮਣਵਾਦੀ ਵਿਚਾਰਧਾਰਾ ਇਹਨਾਂ ਤੇ ਬਰਾਬਰ ਹਮਲਾਵਰ ਹੁੰਦੀ ਰਹੀ। ਅੰਗਰੇਜ਼ਾਂ ਵੇਲੇ ਪੜ੍ਹਾਈ ਅਤੇ ਨੌਕਰੀਆਂ ਦਾ ਖੇਤਰ ਖੁੱਲ੍ਹਣ ਕਰਕੇ ਜੋ ਇਹਨਾਂ ਲਈ ਵਰਜਿਤ ਰਿਹਾ ਸੀ, ਇਹਨਾਂ ਵਿਚ ਇਕ ਚੇਤਨਾ ਨੇ ਜਨਮ ਲਿਆ, ਜਿਸਨੂੰ ਡਾ. ਅੰਬੇਦਕਰ ਦੀ ਮਿਹਨਤ ਅਤੇ ਸੰਘਰਸ਼ ਨੇ ਤਕੜਾ ਹੁਲਾਰਾ ਦਿੱਤਾ। ਉਹਨਾਂ ਵੱਲੋਂ 1930-31 ਦੀਆਂ ਗੋਲਮੇਜ਼ ਕਾਨਫਰੰਸਾਂ ਵਿਚ ਦਲਿਤਾਂ ਦੇ ਖੋਹੇ ਹੋਏ ਅਧਿਕਾਰਾਂ ਦੀ ਪ੍ਰਾਪਤੀ ਲਈ ਕੀਤੀ ਜੱਦੋ ਜਹਿਦ ਅਤੇ ਸੰਵਿਧਾਨ ਨਿਰਮਾਣ ਵੇਲੇ ਦਿਵਾਏ ਮਨੁੱਖੀ ਅਧਿਕਾਰਾਂ ਨਾਲ ਦਲਿਤਾਂ ਦੀ ਅਜੋਕੇ ਯੁੱਗ ਵਿਚ ਉਨਤੀ ਦਾ ਸੂਰਜ ਉਗਿਆ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਦਲਿਤਾਂ ਦੇ ਉਥਾਨ ਲਈ ਆਰੰਭ ਕੀਤੀ ਕਾਂਸ਼ੀ ਰਾਮ ਵੱਲੋਂ ਬਹੁਜਨ ਮੁਕਤੀ ਲਹਿਰ ਇਕ ਮੀਲ ਪੱਥਰ ਸਾਬਤ ਹੋਈ, ਜਿਸਨੇ ਨਾਲ ਦੀ ਨਾਲ ਹੋਰ ਪੱਛੜੇ ਵਰਗਾਂ ਨੂੰ ਲੈ ਕੇ ਸਿਆਸੀ ਜਾਗ ਵੀ ਲਾ ਦਿੱਤੀ। ਇਸ ਸਮੇਂ ਰਾਖਵੇਂਕਰਨ ਕਰਕੇ ਵਿੱਦਿਆ ਨੌਕਰੀਆਂ ਅਤੇ ਸਿਆਸੀ ਖੇਤਰ ਵਿਚ ਦਲਿਤਾਂ ਨੂੰ ਆਪਣੀ ਹੋਂਦ ਪ੍ਰਗਟਾਉਣ ਦਾ ਮੌਕਾ ਤਾਂ ਮਿਲਿਆ ਪਰ ਜ਼ਮੀਨ, ਵਪਾਰ ਅਤੇ ਉਦਯੋਗ ਖੇਤਰ ਉਸ ਤੋਂ ਅਛੂਤੇ ਹੀ ਰਹੇ। ਨਤੀਜੇ ਦੇ ਤੌਰ ਤੇ ਦਲਿਤਾਂ ਦਾ ਤਿੰਨ ਚੌਥਾਈ ਹਿੱਸਾ ਭੁੱਖ-ਨੰਗ ਨਾਲ ਉਵੇਂ ਹੀ ਘੁਲਦਾ ਹੀ ਨਾ ਰਿਹਾ ਸਗੋਂ ਲੋਕਰਾਜੀ ਪ੍ਰਣਾਲੀ ਵਿਚ ਹੇਠਾਂ ਤੇ ਹੋਰ ਹੇਠਾਂ ਜਾਂਦਾ ਰਿਹਾ। ਜਾਤ ਪਾਤ, ਊਚ-ਨੀਚ, ਛੂਤ ਛਾਤ ਭਾਵੇਂ ਬਾਹਰੀ ਤੌਰ ਤੇ ਖ਼ਤਮ ਹੋ ਗਏ ਪਰ ਇਹ ਉੱਚ ਜਾਤੀਆਂ ਦੇ ਖ਼ੂਨ ਅਤੇ ਦਿਮਾਗ ਵਿਚ ਇਸ ਕਦਰ ਬੈਠ ਗਏ ਕਿ ਨਾ ਆਜ਼ਾਦੀ ਦਲਿਤਾਂ ਦਾ ਕੁਝ ਬਹੁਤਾ ਸੰਵਾਰ ਸਕੀ ਅਤੇ ਨਾ ਹੀ ਲੋਕਰਾਜ। ਫਿਰ ਵੀ ਜਿੰਨੀ ਕੁ ਦਲਿਤਾਂ ਦੀ ਤਰੱਕੀ ਹੋਈ ਉਸਦਾ ਵਿਖਾਲਾ ਕਿਤੇ ਵੱਧ ਕੀਤਾ ਜਾ ਰਿਹਾ ਹੈ। ਜਿਵੇਂ ਕਿ ਅੰਤਾਂ ਦਾ ਪੈਸਾ ਖਰਚਿਆ ਜਾ ਰਿਹਾ ਹੈ ਤੇ ਰਾਖਵੇਂਕਰਨ ਨਾਲ ਆਪਣੇ ਹਿੱਸੇ ਤੋਂ ਇਹ ਵੱਧ ਖਾ ਗਏ ਹਨ, ਰਾਖਵੇਂਕਰਨ ਨਾਲ ਮੈਰਿਟ ਨੂੰ ਨੁਕਸਾਨ ਪੁੱਜ ਰਿਹਾ ਹੈ, ਜਿਸ ਕਰਕੇ ਦੇਸ਼ ਤਰੱਕੀ ਨਹੀਂ ਕਰ ਰਿਹਾ ਆਦਿ ਆਦਿ। ਇਹਨਾਂ ਸਾਰੇ ਉਪਜੇ ਹਾਲਾਤ ਵਿਚੋਂ ਉਭਰੇ ਨੁਕਤਿਆਂ ਦੇ ਦਾਇਰੇ ਵਿਚ ਇਸ ਸੈਮੀਨਾਰ ਵਿਚ ਭਰਪੂਰ ਚਰਚਾ ਹੋਈ।

ਉਦਘਾਟਨੀ ਭਾਸ਼ਣ ਵਿਚ ਡਾਇਰੈਕਟਰ ਆਈ. ਸੀ. ਐਸ. ਐਸ. ਆਰ. ਡਾ. ਸਤਿੰਦਰ ਕੇ. ਸ਼ੁਕਲਾ ਨੇ ਮੰਨਿਆ ਕਿ ਉਹਨਾਂ ਆਪ ਬਚਪਨ ਵਿਚ ਦਲਿਤਾਂ ਦੀ ਭੈੜੀ ਹਾਲਤ ਵੇਖੀ ਹੈ ਜਦੋਂ ਉਹ ਰਾਤ ਦਾ ਗੰਦ ਸਿਰ ਤੇ ਚੁੱਕ ਕੇ ਲਿਜਾਂਦੇ ਹੁੰਦੇ ਸਨ। ਉਹਨਾਂ ਨੇ ਡਾ. ਅੰਬੇਦਕਰ ਨਾਲ ਹੁੰਦੀ ਜਾਤੀ ਘਿਰਣਾ ਦਾ ਵੀ ਜ਼ਿਕਰ ਕੀਤਾ ਜਦੋਂ ਉਹ ਉੱਚ ਡਿਗਰੀਆਂ ਪ੍ਰਾਪਤ ਕਰਕੇ ਉੱਚ ਅਹੁਦੇ 'ਤੇ ਲੱਗ ਗਏ ਸਨ ਪਰ ਫਿਰ ਵੀ ਉਹਨਾਂ ਦਾ ਉੱਚ ਜਾਤੀ ਵਾਲਾ ਚਪੜਾਸੀ ਭਿੱਟ ਦੇ ਡਰੋਂ ਫਾਈਲਾਂ ਦੂਰ ਤੋਂ ਹੀ ਮੇਜ ਤੇ ਰੱਖ ਕੇ ਡੰਡੇ ਨਾਲ ਅਗਾਂਹ ਕਰਦਾ ਹੁੰਦਾ ਸੀ। ਉਹਨਾਂ ਨੇ ਕਿਹਾ ਕਿ ਉਹਨਾਂ ਇਹ ਵੀ ਪੜ੍ਹਿਆ ਹੈ ਕਿ ਉਸ ਵੇਲੇ ਦਲਿਤਾਂ ਨੂੰ ਲੱਕ ਨਾਲ ਝਾੜੂ ਬੰਨ੍ਹ ਕੇ ਤੁਰਨਾ ਪੈਂਦਾ ਸੀ ਤਾਂ ਜੋ ਉਹਨਾਂ ਦੀ ਧਰਤੀ ਤੋਂ ਪੈੜ ਨਾਲ ਦੀ ਨਾਲ ਮਿਟ ਜਾਵੇ ਅਤੇ ਕਿਸੇ ਉੱਚ ਜਾਤੀਏ ਨੂੰ ਪੈੜ ਤੋਂ ਭਿੱਟ ਚੜ੍ਹ ਜਾਵੇ। ਉਹਨਾਂ ਅੱਗੇ ਕਿਹਾ ਕਿ ਦਲਿਤਾਂ ਨੇ ਵੈਦਿਕ ਯੁੱਗ ਤੋਂ ਲੈ ਕੇ ਹੁਣ ਦੇ ਕਲਯੁਗ ਤੱਕ ਬਹੁਤ ਯਾਤਨਾਵਾਂ ਝੱਲੀਆਂ ਤੇ ਸੰਵਿਧਾਨ ਬਣਾਉਣ ਤੱਕ ਦਾ ਸਫਰ ਵੀ ਤਹਿ ਕੀਤਾ। ਹੁਣ ਜਾਗਰਿਤੀ ਤੇ ਤਰੱਕੀ ਦਾ ਇਕ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ, ਜਿਸਨੂੰ ਸਾਨੂੰ ਜੀ ਆਇਆਂ ਕਹਿਣਾ ਬਣਦਾ ਹੈ। ਪ੍ਰੋ. ਗਰੋਵਰ ਨੇ ਆਖਿਆ ਕਿ ਅੱਜ ਦੇ ਸੰਸਾਰੀਕਰਨ ਦੇ ਯੁੱਗ ਵਿਚ ਹਰ ਪਾਸੇ ਲਾਭ ਅੰਸ਼ ਦਾ ਹੀ ਬੋਲਬਾਲਾ ਹੋ ਰਿਹਾ ਹੈ, ਜਿਸ ਵਿਚ ਦਲਿਤ ਦੀ ਗੱਲ ਨਹੀਂ ਹੋ ਰਹੀ। ਇਸੇ ਲਈ ਦਲਿਤ ਹੁਣ ਆਪਣੀ ਪਛਾਣ ਆਪ ਬਣਾਉਣ ਵੱਲ ਪ੍ਰੇਰਿਤ ਹੋ ਚੁੱਕਿਆ ਹੈ। ਪਿੰਡਾਂ ਵਿਚ ਵੱਖਰੇ ਗੁਰਦੁਆਰੇ ਅਤੇ 'ਪੁੱਤ ਚਮਾਰਾਂ ਦੇ' ਵਰਗੇ ਨਾਹਰੇ ਉਭਰਨੇ ਇਸਦਾ ਹੀ ਸਬੂਤ ਹਨ। ਡਾ. ਰੌਣਕੀ ਰਾਮ ਨੇ ਦੱਸਿਆ ਕਿ ਬਸਤੀਵਾਦੀ ਭਾਰਤ ਵਿਚ ਦਲਿਤ ਅਧਿਐਨ ਦਾ ਭਾਵ ਹੀ ਜਾਤ ਵਿਰੋਧੀ ਲਹਿਰਾਂ ਦੇ ਅਧਿਐਨ ਤੋਂ ਹੈ। ਡਾ. ਅੰਬੇਦਕਰ ਵੇਲੇ ਇਹ ਅਧਿਐਨ ਹੋਰ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਫਿਰ ਉਹਨਾਂ ਤੋਂ ਬਾਅਦ 1969 ਵਿਚ ਪ੍ਰੋ. ਇਲੀਨਰ ਜ਼ੇਲੀਅਟ ਨੇ ਪੈਨਸਲਵੇਨੀਆ ਯੂਨੀਵਰਸਿਟੀ ਤੋਂ ਡਾ. ਅੰਬੇਦਕਰ ਦੇ ਜੀਵਨ ਅਤੇ ਸੰਘਰਸ਼ ਤੇ ਪਹਿਲੀ ਵਾਰ ਖੋਜ ਕਰਕੇ ਪੀ. ਐਚ. ਡੀ. ਦੀ ਡਿਗਰੀ ਲਈ। ਉਹਨਾਂ ਨੇ ਦਲਿਤਾਂ ਸਬੰਧੀ ਹੋਰ ਵੀ ਕਈ ਲੇਖ ਅਤੇ ਕਿਤਾਬਾਂ ਲਿਖੀਆਂ। ਫਿਰ 1990 ਵਿਚ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਵੱਲੋਂ ਤਾਕਤ ਵਿਚ ਆਉਣ ਨਾਲ ਦਲਿਤ ਪੁਰਖਿਆਂ ਦੀਆਂ ਯਾਦਗਾਰਾਂ ਸਥਾਪਤ ਹੋਣੀਆਂ ਸ਼ੁਰੂ ਹੋਈਆਂ ਜੋ ਆਪਣੀ ਦਲਿਤ ਵਿਰਾਸਤ ਨੂੰ ਸੰਭਾਲਣ ਦਾ ਹੀ ਇਕ ਯਤਨ ਹੈ। ਇਸੇ ਸਮੇਂ ਕਿਤਾਬਾਂ, ਅਖ਼ਬਾਰਾਂ, ਰਸਾਲਿਆਂ ਰਾਹੀਂ ਵੀ ਦਲਿਤਾਂ ਨੇ ਆਪਣੀ ਸਭਿਅਤਾ ਅਤੇ ਵਿਰਾਸਤ ਦਾ ਪ੍ਰਗਟਾਵਾ ਕੀਤਾ ਤੇ ਸੰਭਾਲਣ ਦਾ ਯਤਨ ਵੀ ਕੀਤਾ। ਦਲਿਤਾਂ ਦਾ, ਖਾਸ ਕਰਕੇ ਮਹਾਰਾਂ ਵੱਲੋਂ ਵੱਡੀ ਪੱਧਰ ਤੇ ਧਰਮ ਤਬਦੀਲ ਕਰਕੇ ਬੁੱਧ ਧਰਮ ਵਿਚ ਚਲੇ ਜਾਣਾ ਵੀ ਇਸੇ ਲੜੀ ਦਾ ਹਿੱਸਾ ਹੈ। ਆਪਣੇ ਸਲਾਈਡ ਪ੍ਰਦਰਸ਼ਨ ਵਿਚ ਡਾ. ਰੌਣਕ ਰਾਮ ਨੇ ਤਸਵੀਰਾਂ ਰਾਹੀਂ ਦਲਿਤਾਂ ਦੇ ਵਿਸ਼ੇਸ਼ ਉਭਾਰ ਨੂੰ ਪ੍ਰਗਟ ਕੀਤਾ, ਜਿਸ ਵਿਚ ਉਹਨਾਂ ਨੇ ਭਾਰਤ ਅਤੇ ਵਿਦੇਸ਼ਾਂ ਵਿਚ ਆਪਣੇ ਮਹਾਂਪੁਰਖਾਂ ਸਬੰਧੀ ਕੱਢੀਆਂ ਸ਼ੋਭਾ ਯਾਤਰਾਵਾਂ ਦੀ ਝਲਕ ਦਿਖਾਈ। ਡੇਰਾ ਬੱਲਾਂ ਵੱਲੋਂ 25 ਕਿਲੋ ਸੋਨੇ ਦੀ ਪਾਲਕੀ ਤਿਆਰ ਕਰਵਾਉਣਾ ਅਤੇ ਡੇਰਾ ਬੱਲਾਂ ਤੋਂ ਗੁਰੂ ਰਵਿਦਾਸ ਦੇ ਜਨਮ ਦਿਨ ਤੇ ਜਲੰਧਰ ਤੋਂ ਵਾਰਾਨਸੀ ਤੱਕ ਹਰ ਸਾਲ ਵਿਸ਼ੇਸ਼ ਗੱਡੀ ਦਾ ਪ੍ਰਬੰਧ ਕਰਵਾਉਣਾ ਵੀ ਦਲਿਤਾਂ ਵੱਲੋਂ ਆਪਣੀ ਵਿਰਾਸਤ ਪ੍ਰਤੀ ਜਾਗਰਿਤੀ ਦਾ ਉਤਮ ਨਮੂਨਾ ਹਨ ਜੋ ਤਸਵੀਰਾਂ ਰਾਹੀਂ ਦਿਖਾਏ ਗਏ।

ਯੂ. ਪੀ. ਤੋਂ ਪ੍ਰੋ. ਜੋਗਪਾਲ ਨੇ ਹਰੇ ਇਨਕਲਾਬ ਤੋਂ ਬਾਅਦ ਆਈਆਂ ਤਬਦੀਲੀਆਂ ਬਾਰੇ ਆਪਣੇ ਇਕ ਸਰਵੇਖਣ ਦੇ ਆਧਾਰ ਤੇ ਦੱਸਿਆ ਕਿ ਦੇਸ਼ ਵਿਚ ਹਰੇ ਇਨਕਲਾਬ ਤੋਂ ਬਾਅਦ ਜਿੱਥੇ ਕਿਰਸਾਨੀ ਵਿਚ ਇਕ ਇਨਕਲਾਬ ਆਇਆ, ਉਥੇ ਦਲਿਤਾਂ ਦੀ ਆਰਥਿਕ ਹਾਲਤ ਵਿਚ ਵੀ ਫਰਕ ਪਿਆ ਕਿਉਂਕਿ ਪੇਂਡੂ ਖੇਤਰ ਦੇ ਦਲਿਤ ਬਹੁਤਾ ਕਰਕੇ ਕਿਰਸਾਨੀ ਨਾਲ ਜੁੜੇ ਹੋਏ ਹਨ। ਉਹਨਾਂ ਦੀ ਸਮਾਜਿਕ ਤੇ ਸਿਆਸੀ ਹਾਲਤ ਵਿਚ ਵੀ ਤਬਦੀਲੀ ਆਈ ਜੋ ਧਿਆਨਯੋਗ ਸੀ।

ਮਹਾਂਰਾਸ਼ਟਰ ਤੋਂ ਪ੍ਰੋ. ਪੀ. ਜੀ. ਜੋਗੰਡੇ ਨੇ ਕਿਹਾ ਕਿ ਦਲਿਤ ਸ਼ਕਤੀ ਹੈ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਲੱਭਣਾ ਅਤੇ ਉਹਨਾਂ ਦਾ ਸਮਾਧਾਨ ਲੱਭਣਾ। ਪਰ ਹਰ ਖੇਤਰ ਵਿਚ ਸਿਆਸਤ ਹੀ ਖੇਡੀ ਜਾਂਦੀ ਹੈ, ਜਿਵੇਂ ਬੰਬਈ ਯੂਨੀਵਰਸਿਟੀ ਵਿਚ ਅੰਬੇਦਕਰ ਚੇਅਰ, ਸ਼ਾਹੂ ਜੀ ਮਹਾਰਾਜ ਚੇਅਰ ਸਥਾਪਤ ਕਰਕੇ ਪੂਰੀ ਸਿਆਸਤ ਖੇਡੀ ਜਾਂਦੀ ਹੈ ਕਿ ਇਹਨਾਂ ਮਹਾਂ-ਪੁਰਖਿਆਂ ਦੀ ਹੀ ਜਾਤੀ ਵਿਚੋਂ ਚੇਅਰਮੈਨ ਲਾਇਆ ਜਾਵੇ। ਇੰਝ ਜਾਤਪਾਤੀ ਸਿਸਟਮ ਵਿਚ ਜਾਤ ਪਾਤ ਹੋਰ ਪੱਕਿਆਂ ਕੀਤੀ ਜਾਂਦੀ ਹੈ। ਉਹਨਾਂ ਕਿਹਾ ਅੱਜ ਜਾਣਕਾਰੀ (ਨਾਲਿਜ) ਉੱਚ ਜਾਤੀਆਂ ਵੱਲੋਂ ਆਪਣੇ ਲਈ ਆਪਦੇ ਹੀ ਹਿਸਾਬ ਨਾਲ ਪੈਦਾ ਕੀਤੀ ਜਾਂਦੀ ਹੈ ਤੇ ਆਪਣੇ ਹਿਸਾਬ ਹੀ ਰੈਗੂਲੇਟ ਕੀਤੀ ਜਾਂਦੀ ਹੈ ਜੋ ਦਲਿਤਾਂ ਦੇ ਅਨੁਕੂਲ ਨਹੀਂ ਹੁੰਦੀ। ਇੱਕੀਵੀਂ ਸਦੀ ਵਿਚ ਦਲਿਤਾਂ ਲਈ ਅਧਿਐਨ ਦਾ ਏਜੰਡਾ ਉਹਨਾਂ ਦੀ ਰੋਜ਼ਮਰਾ ਦੀਆਂ ਲੋੜਾਂ 'ਤੇ ਆਧਾਰਿਤ ਹੋਵੇ ਅਤੇ ਮੰਡੀਕਰਨ ਪ੍ਰਣਾਲੀ ਤੇ ਉਸ ਵਿਚ ਇਹਨਾਂ ਦੀ ਜੋ ਲੁੱਟ ਖਸੁੱਟ ਹੋ ਰਹੀ ਹੈ, ਉਸਦੇ ਸਬੰਧ ਵਿਚ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਸਮੱਸਿਆ ਹੈ ਜਾਤ ਪਾਤ ਦਾ ਖ਼ਾਤਮਾ ਕਿਵੇਂ ਹੋਵੇ? ਇਹ ਡਾ. ਅੰਬੇਦਕਰ ਦੇ ਦਿੱਤੇ ਮਕੈਨਿਜ਼ਮ ਦੇ ਆਧਾਰ ਤੇ ਹੋਵੇ।

ਪੰਜਾਬ ਯੂਨੀਵਰਸਿਟੀ ਤੋਂ ਰਿਸਰਚ ਸਕਾਲਰ ਮਿਸ ਨਵਨੀਤ ਕੌਰ ਨੇ ''ਕੰਮ ਕਰਨ ਦੀਆਂ ਥਾਵਾਂ ਦੇ ਦਲਿਤਾਂ ਦੀ ਨੁਮਾਇੰਦਗੀ ਦੇ ਸਵਾਲ'' 'ਤੇ ਆਪਣਾ ਖੋਜ ਪੱਤਰ ਪੇਸ਼ ਕੀਤਾ ਜੋ ਉਸਦੇ ਵੱਲੋਂ ਵੱਖ ਵੱਖ ਥਾਵਾਂ ਤੋਂ ਇਕੱਤਰ ਕੀਤੀ ਸੂਚਨਾ ਦੇ ਆਧਾਰ ਤੇ ਸੀ। ਉਸਨੇ ਆਪਣੇ ਖੋਜ ਪੱਤਰ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਸੀ। ਪਹਿਲੇ ਹਿੱਸੇ ਵਿਚ ਦਲਿਤਾਂ ਨਾਲ ਵੈਦਿਕ ਕਾਲ ਤੋਂ ਹੁੰਦੀਆਂ ਆ ਰਹੀਆਂ ਵਧੀਕੀਆਂ ਦਾ ਜ਼ਿਕਰ ਕੀਤਾ ਗਿਆ, ਜਿਸਦਾ ਮੂਲ ਕਾਰਨ ਦਲਿਤਾਂ ਨੂੰ ਵਿੱਦਿਆ ਤੋਂ ਵਾਂਝੇ ਕਰਨਾ ਸੀ। ਅੰਗਰੇਜ਼ਾਂ ਦੇ ਆਉਣ ਨਾਲ ਵਿੱਦਿਆ ਦਾ ਅਧਿਕਾਰ ਪ੍ਰਾਪਤ ਹੋਇਆ ਤਾਂ ਉਸਦਾ ਲਾਭ ਵੀ ਅਮੀਰ ਹਿੰਦੂ ਅਤੇ ਮੁਸਲਮਾਨ ਹੀ ਉਠਾ ਸਕੇ। ਦਲਿਤਾਂ ਨੂੰ ਵਿੱਦਿਆ ਗ੍ਰਹਿਣ ਕਰਨ ਦਾ ਅਧਿਕਾਰ ਲੈਣ ਲਈ ਜੱਦੋ ਜਹਿਦ ਕਰਨੀ ਪੈ ਰਹੀ ਸੀ। ਦੂਜੇ ਹਿੱਸੇ ਵਿਚ ਡਾ. ਅੰਬੇਦਕਰ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ ਗਿਆ। ਉਹਨਾਂ ਦੇ ਤ੍ਰੈਸ਼ਤਾਬਦੀ ਫਾਰਮੂਲੇ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ, ਨਾਲ ਦਲਿਤਾਂ ਵਿਚ ਜਾਗਰਤੀ ਆਈ, ਜਿਸ ਕਰਕੇ ਉਹਨਾਂ ਸਮਾਜਿਕ, ਆਰਥਿਕ ਤੇ ਸਿਆਸੀ ਖੇਤਰ ਵਿਚ ਹਿੱਸੇਦਾਰੀ ਲਈ ਘੋਲ ਕੀਤਾ। ਕੱਪੜਾ ਮਿੱਲਾਂ ਅਤੇ ਚਮੜਾ ਉਦਯੋਗ ਵਿਚ ਕੰਮ ਮਿਲਣਾ ਸ਼ੁਰੂ ਹੋਇਆ। ਗੌਰਮਿੰਟ ਆਫ ਇੰਡੀਆ ਐਕਟ 1935 ਵਿਚ ਦਲਿਤਾਂ ਨੂੰ ਵਿੱਦਿਆ ਅਤੇ ਸਿਆਸਤ ਖੇਤਰ ਵਿਚ ਰਾਖਵਾਂਕਰਨ ਮਿਲਿਆ। ਆਪਣੇ ਪੇਪਰ ਦੇ ਤੀਜੇ ਹਿੱਸੇ ਵਿਚ ਕੰਮਕਾਜੀ ਸਥਾਨਾਂ ਤੇ ਦਲਿਤਾਂ ਦੀਆਂ ਸਮਕਾਲੀ ਹਾਲਤਾਂ ਦਾ ਜ਼ਿਕਰ ਕੀਤਾ। ਦਲਿਤਾਂ ਨੇ ਵਿੱਦਿਆ ਲੇਟ ਸ਼ੁਰੂ ਕੀਤੀ ਸੀ, ਜਿਸ ਕਰਕੇ ਉਪਰਲੀਆਂ ਜਾਤਾਂ ਤੋਂ ਪਿੱਛੇ ਸਨ। ਮਾਪਿਆਂ ਦੇ ਆਰਥਿਕ ਪੱਖੋਂ ਵੀ ਕਮਜ਼ੋਰ ਹੋਣ ਕਾਰਨ ਪੜ੍ਹ ਰਹੇ ਬੱਚੇ ਵੱਡੀ ਗਿਣਤੀ ਵਿਚ ਪੜ੍ਹਾਈ ਵਿਚਕਾਰੋਂ ਹੀ ਛੱਡ ਜਾਂਦੇ ਸਨ। ਖੇਤੀਬਾੜੀ ਖੇਤਰ ਵਿਚ ਵਗਾਰ, ਬੰਧਵਾ ਮਜ਼ਦੂਰੀ ਦਾ ਬੋਲਬਾਲਾ ਰਿਹਾ। ਅੰਤ ਵਿਚ ਨਤੀਜਾ (ਚੌਥਾ ਹਿੱਸਾ) ਵਿਚ ਨਿਕਲਦਾ ਹੈ ਕਿ ਦਲਿਤ ਹਾਲੇ ਵੀ ਵਿੱਦਿਆ ਅਤੇ ਨੌਕਰੀਆਂ ਲਈ ਘੋਲ ਕਰ ਰਿਹਾ ਹੈ, ਮਾਣ ਸਨਮਾਨ ਲਈ ਸੰਘਰਸ਼ ਕਰ ਰਿਹਾ ਹੈ। ਉਸਨੂੰ ਬਰਾਬਰ ਦੇ ਮਾਹੌਲ ਦੀ ਲੋੜ ਹੈ। 'ਆਪਣੇ' ਅਤੇ 'ਉਹਨਾਂ' ਵਾਲੇ ਵਿਚਾਰ ਹੁਣ ਤਿਆਗਣੇ ਹੋਣਗੇ। ਮੈਡਮ ਦੇਬੀ ਚੈਟਰਜੀ ਜੋ ਪੱਛਮੀ ਬੰਗਾਲ ਤੋਂ ਸਨ, ਉਹਨਾਂ ਨੇ ਉਥੋਂ ਵੀ ਮਸ਼ਹੂਰ ਅਗਾਂਹਵਧੂ ਦਲਿਤ ਜਾਤੀ ਨਮੋਂ ਸ਼ੂਦਰਾ ਉਤੇ ਸਰਵੇਖਣ ਦੇ ਆਧਾਰ ਤੇ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਪੱਛਮੀ ਬੰਗਾਲ ਵਿਚ ਜਾਤੀ ਵਿਤਕਰਾ ਬਹੁਤ ਜ਼ਿਆਦਾ ਹੈ ਪਰ ਫਿਰ ਵੀ ਨਮੋਂ ਸ਼ੂਦਰਾ ਹਰ ਖੇਤਰ ਵਿਚ ਅੱਗੇ ਵੱਧ ਰਹੇ ਹਨ। ਸਾਹਿਤ ਪੱਖੋਂ ਵੀ ਇਹ ਬਹੁਤ ਅੱਗੇ ਹਨ।

ਡਾ. ਪੀ. ਐਸ. ਵਰਮਾ ਨੇ ਹਰਿਆਣਾ 'ਤੇ ਆਧਾਰਿਤ ਆਪਣੇ ਅਧਿਐਨ ਰਾਹੀਂ ਦੱਸਿਆ ਕਿ ਹਰਿਆਣਾ ਭਾਵੇਂ ਹਾਈਵੇਜ਼ ਅਤੇ ਵੱਡੇ ਵੱਡੇ ਮਾਲਜ਼ ਵਾਲਾ ਸੂਬਾ ਬਣ ਗਿਆ ਹੈ ਪਰ ਇੱਥੇ ਜਾਤਪਾਤੀ ਵਿਤਕਰੇ ਵਿਚ ਬਹੁਤਾ ਫਰਕ ਨਹੀਂ ਪਿਆ। ਸੂਬੇ ਵਿਚ ਵੱਖ ਵੱਖ ਜਾਤੀਆਂ ਦੇ ਵੱਖ ਵੱਖ ਥਾਵਾਂ ਤੇ ਵੱਡੇ ਆਧਾਰ ਹਨ, ਜਿਵੇਂ ਰਿਵਾੜੀ ਵਿਚ ਅਹੀਰ, ਕਰਨਾਲ ਤੇ ਪਾਣੀਪਤ ਵਿਚ ਰੋੜ (ਜਾਟ) ਆਦਿ ਦੀਆਂ ਪੱਟੀਆਂ ਹਨ। ਦਲਿਤਾਂ ਨੂੰ 'ਏ' ਅਤੇ 'ਬੀ' ਕੈਟਾਗਰੀ ਵਿਚ ਵੰਡ ਕੇ ਰੱਖਿਆ ਗਿਆ ਹੈ। 'ਏ' ਕੈਟੇਗਰੀ ਵਿਚ ਚਮਾਰ ਜਾਤੀ ਹੈ ਜੋ ਕੁੱਲ ਦਲਿਤਾਂ ਦਾ 52 ਫੀਸਦੀ ਹੈ। 'ਬੀ' ਕੈਟੇਗਰੀ ਵਿਚ ਵਾਲਮੀਕ ਅਤੇ ਹੋਰ 35 ਜਾਤੀਆਂ ਹਨ ਜੋ 48 ਫੀਸਦੀ ਬਣਦੀਆਂ ਹਨ। ਇਹਨਾਂ ਦੋਹਾਂ ਕੈਟਾਗਰੀਆਂ ਵਿਚ ਕੋਈ ਤਾਲਮੇਲ ਨਹੀਂ ਹੈ। ਜਦੋਂ ਇਕ ਜਾਤੀ 'ਤੇ ਹਮਲਾ ਹੁੰਦਾ ਹੈ, ਦੂਜੀ ਖਲੋ ਕੇ ਤਮਾਸ਼ਾ ਵੇਖਦੀ ਹੈ।

ਹਿਮਾਚਲ ਤੋਂ ਡਾ. ਸਤੀਸ਼ ਕੁਮਾਰ ਸ਼ਰਮਾ ਨੇ ਆਰੀਆ ਸਮਾਜ ਲਹਿਰ ਦੇ ਸੰਦਰਭ ਵਿਚ ਗੱਲ ਕਰਦਿਆਂ ਕਿਹਾ ਕਿ ਹਿਮਾਚਲ ਵਿਚ ਦਲਿਤਾਂ ਦੀ ਸਥਿਤੀ ਚਿੰਤਾਜਨਕ ਰਹੀ ਹੈ। ਆਰੀਆ ਸਮਾਜ ਲਹਿਰ ਨੇ ਦਲਿਤਾਂ ਨੂੰ ਬਰਾਬਰੀ ਦੇਣ ਦੇ ਸਰਸਬਜ਼ ਬਾਗ ਤਾਂ ਦਿਖਾਏ ਪਰ ਆਪਣੇ ਵੈਦਿਕ ਧਰਮ ਦੇ ਦਾਇਰੇ ਵਿਚੋਂ ਬਾਹਰ ਨਹੀਂ ਨਿਕਲਣ ਦਿੱਤਾ। ਜੋ ਇਸ ਲਹਿਰ ਨਾਲ ਜੁੜੇ ਉਹਨਾਂ ਦੇ ਨਾਂ ਬਦਲ ਕੇ ਭਗਤ, ਮਹਾਸ਼ਾ ਤਾਂ ਬਣ ਗਏ ਪਰ ਧਰਮ ਦਾ ਦਾਇਰਾ ਉਹੀ ਰਿਹਾ, ''ਮੇਰਾ ਸਭ ਕੁਝ ਜਾਏ ਤਾਂ ਜਾਏ, ਪਰ ਆਰੀਆ ਧਰਮ ਨਾ ਜਾਏ।'' ਉਹਨਾਂ ਜ਼ੋਰ ਦੇ ਕੇ ਕਿਹਾ ਕਿ ਇਸ ਗੈਰ ਬਰਾਬਰੀ ਵਾਲੇ ਸਿਸਟਮ ਨੂੰ ਮੁੱਢੋਂ ਹੀ ਤਬਾਹ ਕਰਨ ਦੀ ਲੋੜ ਹੈ।

ਪ੍ਰੋ. ਈਮੈਨੂਅਲ ਨੇ ਦਲਿਤਾਂ ਵਿਚੋਂ ਧਰਮ ਤਬਦੀਲੀ ਕਰਕੇ ਬਣੇ ਇਸਾਈਆਂ ਦੀ ਗੱਲ ਕੀਤੀ, ਵਿਸ਼ੇਸ਼ ਤੌਰ ਤੇ ਜੋ ਪੰਜਾਬ ਦੇ ਬਾਰਡਰ ਏਰੀਆ ਵਿਚ ਰਹਿੰਦੇ ਹਨ। ਉਹਨਾਂ ਕਿਹਾ ਕਿ ਇਹਨਾਂ ਵਿਚ 72.4 ਫੀਸਦੀ ਖੇਤੀਬਾੜੀ ਮਜ਼ਦੂਰ ਹਨ ਤੇ 80.5 ਫੀਸਦੀ ਅਤਿ ਦੇ ਗਰੀਬ ਹਨ। ਕਿਸੇ ਵੀ ਸਿਆਸੀ ਪਾਰਟੀ ਵੱਲੋਂ ਉਹਨਾਂ ਦੀ ਸਾਰ ਨਹੀਂ ਲਈ ਜਾਂਦੀ। ਉਹਨਾਂ ਦੀਆਂ ਕਮਜ਼ੋਰੀਆਂ ਕਾਰਨ ਹੀ ਉਹਨਾਂ ਵਿਚ ਕੋਈ ਸਿਆਸੀ ਸੂਝ ਬੂਝ ਵੀ ਨਹੀਂ ਪਣਪ ਰਹੀ। ਪਾਰਲੀਮੈਂਟ ਵਿਚ 543 ਐਮ. ਪੀਜ਼ ਵਿਚੋਂ ਇਸਾਈਆਂ ਦੇ ਸਿਰਫ 8 ਹਨ। ਅੰਤ ਵਿਚ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਕਾਂਚਾ ਇਲਈਆ ਨੇ ਆਪਣਾ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ ਜੋ ਵਾਈਸ ਚਾਂਸਲਰ ਸਮੇਤ ਬੜੇ ਸ਼ਾਂਤ ਮਾਹੌਲ ਵਿਚ ਸੁਣਿਆ ਗਿਆ। ਉਹਨਾਂ ਕਿਹਾ ਕਿ ਸਾਨੂੰ ਕੋਈ ਵੀ ਅਧਿਐਨ ਕਰਨ ਲੱਗਿਆਂ ਤਹਿ ਤੱਕ ਜਾਣਾ ਚਾਹੀਦਾ ਹੈ। ਜੇ ਕੋਈ ਦੇਸ਼ ਉਨਤ ਹੈ ਤਾਂ ਉਨਤ ਕਿਉਂ ਹੈ? ਜੇ ਕੋਈ ਉਨਤੀ ਕਰ ਰਿਹਾ ਹੈ ਤਾਂ

(ਬਾਕੀ ਅਗਲੇ ਸਫੇ ਤੇ)



ਡਾ.ਰੌਣਕੀ ਰਾਮ



ਡਾ.ਸਤਿੰਦਰ ਕੇ.ਸ਼ੁਕਲਾ



ਡਾ.ਕਾਂਚਾ ਇਲਈਆ






# ਨਿਆਂਪਾਲਿਕਾ, ਚੋਣ ਕਮਿਸ਼ਨ ਜੇ ਇਸ ਤਰ੍ਹਾਂ ਹੀ ਜਨਤਾ ਦੀ ਆਵਾਜ਼ ਸੁਣਦੇ ਰਹਿਣ ਤਾਂ.



- ਫਤਿਹਜੰਗ ਸਿੰਘ

**ਫਤਿਹਜੰਗ ਸਿੰਘ**

ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਸਿਆਸੀ ਪਿੜ ਵਿਚ ਕੁਝ ਖਲਬਲੀ ਜਿਹੀ ਮਚੀ ਹੋਈ ਹੈ, ਜਿਸ ਵਿਚੋਂ ਕੁਝ ਸਹੀ ਸੰਕੇਤ ਵੀ ਪ੍ਰਾਪਤ ਹੋ ਰਹੇ ਹਨ। ਵਿਚਲੀ ਗੱਲ ਭਾਵੇਂ ਹੋਰ ਕੁਝ ਵੀ ਹੋਵੇ, ਉਸਨੂੰ ਇਕ ਪਾਸੇ ਰੱਖਦਿਆਂ ਇਹ ਆਖਿਆ ਜਾ ਸਕਦਾ ਹੈ ਕਿ ਜਨਤਾ ਹੁਣ ਸਿਆਸਤ ਅਤੇ ਸਿਆਸੀ ਲੀਡਰਾਂ ਦੇ ਭ੍ਰਿਸ਼ਟਾਚਾਰੀ ਵਿਵਹਾਰ ਤੋਂ ਤੰਗ ਆ ਚੁੱਕੀ ਹੈ। ਜਨਤਾ ਦੀ ਇਸ ਦੁਖੀ ਆਵਾਜ਼ ਦੀ ਪੁਸ਼ਟੀ ਕੁਝ ਅਦਾਲਤਾਂ ਦੇ ਫੈਸਲਿਆਂ ਅਤੇ ਕੁਝ ਚੋਣ ਕਮਿਸ਼ਨ ਦੇ ਚੋਣ ਸੁਧਾਰਾਂ ਦੀ ਤਰਜਮਾਨੀ ਤੋਂ ਹੋ ਰਹੀ ਜਾਪਦੀ ਹੈ। ਇਹ ਇਸ ਕਰਕੇ ਹੋਇਆ ਕਿ ਪਹਿਲਾਂ ਕੁਝ ਕੇਂਦਰੀ ਵਜ਼ੀਰਾਂ ਨੂੰ ਜੇਲ੍ਹ ਜਾਣਾ ਪਿਆ ਤੇ ਹੁਣ ਲਾਲੂ ਯਾਦਵ ਜੋ ਬਿਹਾਰ ਦੇ ਤਾਕਤਵਰ ਮੁੱਖ ਮੰਤਰੀ ਅਤੇ ਕੇਂਦਰੀ ਰੇਲ ਮੰਤਰੀ ਵੀ ਰਹਿ ਚੁੱਕੇ ਹਨ, ਉਹ ਵੀ ਸਲਾਖਾਂ ਪਿੱਛੇ ਜਾ ਚੁੱਕੇ ਹਨ। ਕੁਝ ਚਿਰ ਪਹਿਲਾਂ ਹੀ ਹੋਏ ਅਦਾਲਤ ਦੇ ਇਕ ਫੈਸਲੇ ਦੇ ਆਧਾਰ ਤੇ ਹਰਿਆਣਾ ਦੇ ਸਾਬਕਾ ਦਬੰਗ ਮੁੱਖ ਮੰਤਰੀ ਚੌਟਾਲਾ ਜੀ ਵੀ ਜੇਲ੍ਹ ਦੀ ਹਵਾ ਖਾ ਰਹੇ ਹਨ। ਜੋ ਵੀ ਹੈ ਕੁਝ ਨਾ ਕੁਝ ਹੱਦ ਤੱਕ ਤਾਂ ਬਾਕੀ ਦੇ ਸਿਆਸਤਦਾਨਾਂ ਨੂੰ ਕੰਨ ਹੋਣਗੇ ਹੀ, ਭਾਵੇਂ ਨਿੱਤ ਨਵੇਂ ਘਪਲਿਆਂ ਨੂੰ ਹਾਲੇ ਕੋਈ ਠੱਲ੍ਹ ਪੈਂਦੀ ਨਜ਼ਰ ਨਹੀਂ ਆ ਰਹੀ। ਮਾਣਯੋਗ ਸਰਵਉੱਚ ਅਦਾਲਤ ਨੇ ਪਿੱਛੇ ਜਿਹੇ ਇਕ ਅਹਿਮ ਫੈਸਲਾ ਦਿੱਤਾ ਸੀ ਕਿ ਘੱਟੋ ਘੱਟ ਦੋ ਸਾਲ ਦੀ ਕੈਦ ਦੀ ਸਜ਼ਾ ਪ੍ਰਾਪਤੀ ਵਾਲਾ ਕੋਈ ਵੀ ਉਮੀਦਵਾਰ ਚੋਣ ਨਹੀਂ ਲੜ ਸਕੇਗਾ। ਇਸ ਫੈਸਲੇ ਨੂੰ ਰੱਦ ਕਰਨ ਲਈ ਸਰਕਾਰ ਇਕ ਆਰਡੀਨੈਂਸ ਜਾਰੀ ਕਰਨ ਜਾ ਰਹੀ ਸੀ। ਲੀਡਰਾਂ ਦੀ ਇੱਛਿਆ ਕੁਝ ਹੋਰ ਸੀ ਪਰ ਜਨਤਾ ਦਾ ਬਹੁਮਤ ਇਹ ਚਾਹੁੰਦਾ ਸੀ ਕਿ ਅਦਾਲਤ ਦਾ ਫੈਸਲਾ ਠੀਕ ਹੈ, ਇਹ ਲਾਗੂ ਹੋਣਾ ਚਾਹੀਦਾ ਹੈ। ਜਨਤਾ ਦੀ ਨਬਜ਼ ਨੂੰ ਭਾਂਪਦਿਆਂ ਸਰਕਾਰ ਨੂੰ ਟੇਢੇ ਮੇਢੇ ਜਿਹੇ ਢੰਗ ਨਾਲ ਇਸ ਆਰਡੀਨੈਂਸ ਨੂੰ ਵਾਪਸ ਲੈਣ ਦਾ ਰਾਹ ਅਖ਼ਤਿਆਰ ਕਰਨਾ ਪਿਆ। ਇਸਨੂੰ ਵਾਪਸ ਲੈਣ ਨਾਲ ਹੀ ਹੁਣ ਲਾਲੂ ਯਾਦਵ ਨੂੰ ਸਿੱਧੀ ਸਿਆਸਤ ਤੋਂ 11 ਸਾਲਾਂ ਲਈ ਬਨਵਾਸ ਲੈਣਾ ਪਵੇਗਾ ਅਰਥਾਤ ਉਹ ਆਪ ਚੋਣ ਨਹੀਂ ਲੜ ਸਕਣਗੇ।

ਚੋਣ ਕਮਿਸ਼ਨ ਵੱਲੋਂ ਇਕ ਹੋਰ ਅਹਿਮ ਫੈਸਲਾ ਲਿਆ ਗਿਆ ਕਿ ਚੋਣ ਲੜ ਰਹੇ ਉਮੀਦਵਾਰਾਂ ਵਿਚੋਂ ਜੇ ਜਨਤਾ ਨੂੰ ਕੋਈ ਵੀ ਪਸੰਦ ਨਾ ਆਵੇ ਤਾਂ ਉਹ ਉਹਨਾਂ ਨੂੰ 'ਨਾਂਹ' ਵਾਲਾ ਬਟਨ ਦਬਾ ਕੇ ਰੱਦ ਵੀ ਕਰ ਸਕਦੀ ਹੈ। ਪਹਿਲਾਂ ਵੋਟਰ ਦੀ ਮਜਬੂਰੀ ਹੁੰਦੀ ਸੀ ਕਿ ਜਾਂ ਤਾਂ ਉਹ ਦੁਖੀ ਹੋ ਕੇ ਵੋਟ ਹੀ ਨਹੀਂ ਸੀ ਪਾਉਂਦਾ ਜਾਂ ਫਿਰ ਮਾੜਿਆਂ ਵਿਚੋਂ ਘੱਟ ਮਾੜੇ ਨੂੰ ਫਿਰ ਵੋਟ ਪਾ ਆਉਂਦਾ ਸੀ। ਵੋਟਰ ਕੋਲ ਕੋਈ ਹੋਰ ਬਦਲ ਨਾ ਹੋਣ ਕਰਕੇ ਫਿਰ ਤੋਂ ਪਰਖੇ ਹੋਏ ਭ੍ਰਿਸ਼ਟ ਉਮੀਦਵਾਰ ਨੂੰ ਹੀ ਜਿਤਾ ਦਿੱਤਾ ਜਾਂਦਾ ਸੀ। ਹੁਣ ਚੋਣ ਮੈਦਾਨ ਵਿਚ ਉਤਰੇ ਸਾਰੇ ਉਮੀਦਵਾਰਾਂ ਨੂੰ ਜੇ ਵੋਟਰ ਰੱਦ ਕਰ ਦਿੰਦਾ ਹੈ ਤਾਂ ਦੁਬਾਰਾ ਨਵੇਂ ਉਮੀਦਵਾਰ ਹੀ ਮੈਦਾਨ ਵਿਚ ਆ ਸਕਣਗੇ। ਇਸ ਨਿਯਮ ਅਨੁਸਾਰ ਜੇ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਉਮੀਦਵਾਰ ਤੋਂ 'ਨਾਂਹ' ਵਾਲੀਆਂ ਵੋਟਾਂ ਵੱਧ ਜਾਂਦੀਆਂ ਹਨ ਤਾਂ ਸਾਰੇ ਹੀ ਉਮੀਦਵਾਰ ਰੱਦ ਸਮਝੇ ਜਾਣਗੇ। ਚੋਣ ਕਮਿਸ਼ਨ ਨੂੰ ਇਸ ਸੁਧਾਰ ਨੂੰ ਸੰਪੂਰਨ ਹੋਣ ਤੇ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ, ਕਿਉਂਕਿ ਸਾਡੇ ਕਾਨੂੰਨ ਬਣਦੇ ਤਾਂ ਚੰਗੇ ਤੋਂ ਚੰਗੇ ਹਨ ਪਰ ਅਮਲ ਵਿਚ ਆਉਣ ਤੱਕ ਉਹਨਾਂ ਦੀ ਫੂਕ ਨਿਕਲ ਜਾਂਦੀ ਹੈ। ਇਸਦੇ ਨਾਲ ਹੀ ਜੇ ਜਿੱਤੇ ਹੋਏ ਉਮੀਦਵਾਰ ਨੂੰ ਬਾਅਦ ਵਿਚ ਕਿਸੇ ਸਮੇਂ ਵੀ ਖ਼ਰਾ ਨਾ ਉਤਰਨ ਦੀ ਸੂਰਤ ਵਿਚ ਵਾਪਸ ਬੁਲਾ ਲੈਣ ਦਾ ਅਧਿਕਾਰ ਵੀ ਵੋਟਰ ਨੂੰ ਦੇ ਦਿੱਤਾ ਜਾਵੇ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋ ਜਾਵੇਗਾ। ਨਿਆਂਪਾਲਿਕਾ ਜਾਂ ਚੋਣ ਕਮਿਸ਼ਨ ਜੇ ਕਿਤੇ ਚੋਣ ਲੜਨ ਵਾਲੇ ਉਮੀਦਵਾਰ ਦੀ ਯੋਗਤਾ ਅਤੇ ਉਮਰ ਵੀ ਨਿਸ਼ਚਿਤ ਕਰ ਦੇਵੇ ਤਾਂ ਇਹ ਵੀ ਚੋਣ ਸੁਧਾਰ ਵੱਲ ਇਕ ਬਹੁਤ ਵਧੀਆ ਕਦਮ ਹੋਵੇਗਾ। ਇਸਦੇ ਅਮਲ ਵਿਚ ਆਉਣ ਨਾਲ ਅੱਠਵੀਂ ਪਾਸ ਸਿੱਖਿਆ ਮੰਤਰੀ ਨਹੀਂ ਬਣ ਸਕੇਗਾ ਤੇ ਅਫ਼ਸਰਸ਼ਾਹੀ ਕਿਸੇ ਅਨਪੜ੍ਹ ਵਜ਼ੀਰ ਨੂੰ ਮੂਰਖ ਨਹੀਂ ਬਣਾ ਸਕੇਗੀ। ਵੋਟ ਦਾ ਅਧਿਕਾਰ ਇਕ ਵਿਸ਼ੇਸ਼ ਮਹੱਤਤਾ ਵਾਲਾ ਅਧਿਕਾਰ ਹੈ ਜੋ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਹਰ ਇਕ ਨਾਗਰਿਕ ਨੂੰ ਪ੍ਰਾਪਤ ਨਹੀਂ ਸੀ ਹੁੰਦਾ। ਇਸਦੀ ਸਹੀ ਵਰਤੋਂ ਜੇ ਵੋਟਰ ਨੂੰ ਆ ਜਾਵੇ ਤਾਂ ਬਹੁਤੀਆਂ ਬੁਰਾਈਆਂ ਉਂਝ ਹੀ ਦੂਰ ਹੋ ਜਾਂਦੀਆਂ ਹਨ ਪਰ ਹੁਣ ਵੋਟਰ ਇਸਦੀ ਵਰਤੋਂ ਕਰਨ ਲੱਗਿਆਂ ਅਤੇ ਮਾਇਆ ਦੇ ਦਹਿਰ ਵਿਚ ਹੜ੍ਹ ਜਾਂਦਾ ਹੈ ਤੇ ਵੋਟ ਦੀ ਗਲਤ ਵਰਤੋਂ ਕਰਕੇ ਅਗਲੇ ਪੰਜ ਸਾਲ ਦੁਸ਼ਵਾਰੀਆਂ ਅਤੇ ਸਮੱਸਿਆਵਾਂ ਨਾਲ ਘੁਲਦਾ ਰਹਿੰਦਾ ਹੈ ਜੋ ਉਸਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਦੀ ਹੀ ਦੇਣ ਹੁੰਦੀ ਹੈ। ਸੋ, ਜਿੱਥੇ ਵੋਟਰ ਨੂੰ ਵੋਟ ਦੇ ਸਹੀ ਇਸਤੇਮਾਲ ਨੂੰ ਸਿੱਖਣਾ ਪਵੇਗਾ, ਉਥੇ ਇਹ ਵੀ ਜ਼ਰੂਰੀ ਬਣਾ ਦਿੱਤਾ ਜਾਵੇ ਕਿ ਹਰ ਵੋਟਰ ਵੋਟ ਜ਼ਰੂਰ ਪਾਵੇ। ਕਈ ਮੁਲਕਾਂ ਵਿਚ ਵੋਟ ਦਾ ਅਧਿਕਾਰ ਨਾ ਵਰਤਣ ਦੀ ਸੂਰਤ ਵਿਚ ਜੁਰਮਾਨੇ ਕੀਤੇ ਜਾਂਦੇ ਹਨ ਤੇ ਵੋਟ ਨਾ ਪਾਉਣ ਵਾਲੇ ਨੂੰ ਸਮਾਜ ਵੀ ਚੰਗੀਆਂ ਨਜ਼ਰਾਂ ਨਾਲ ਨਹੀਂ ਵੇਖਦਾ। ਇਸ ਸੰਦਰਭ ਵਿਚ ਵੀ ਚੋਣ ਕਮਿਸ਼ਨ ਜਾਂ ਸਰਕਾਰ ਸੋਚ ਲਵੇ ਅਤੇ ਇਸ ਤਰ੍ਹਾਂ ਦਾ ਕੋਈ ਸਾਰਥਕ ਕਦਮ ਉਠਾਵੇ ਤਾਂ ਬਹੁਤ ਚੰਗਾ ਹੋਵੇਗਾ। ਥੋੜ੍ਹਾ ਚਿਰ ਪਹਿਲਾਂ ਹੀ ਆਂਧਰਾ ਪ੍ਰਦੇਸ਼ ਦੀ ਮਾਣਯੋਗ ਉੱਚ ਅਦਾਲਤ ਨੇ ਆਪਣਾ ਹੀ ਇਕ ਫੈਸਲਾ ਬਦਲ ਕੇ ਮਾਅਰਕੇ ਦਾ ਕੰਮ ਕੀਤਾ ਹੈ। ਹੈਦਰਾਬਾਦ ਮੱਕਾ ਮਸਜਿਦ ਦੇ ਬਾਹਰ 2007 ਵਿਚ ਇਕ ਬੰਬ ਧਮਾਕਾ ਹੋਇਆ ਸੀ, ਜਿਸ ਦੇ ਸ਼ੱਕ ਵਿਚ ਕੁਝ ਮੁਸਲਮਾਨ ਨੌਜਵਾਨਾਂ ਨੂੰ ਪੁਲਿਸ ਵੱਲੋਂ ਫੜ ਕੇ ਤਸੀਹੇ ਦੇ ਦੇ ਕੇ ਧੱਕੇ ਨਾਲ ਹੀ ਉਹਨਾਂ ਨੂੰ ਇਸ ਕੇਸ ਵਿਚ ਸ਼ਾਮਲ ਹੋਣ ਲਈ 'ਮਨਾ ਲਿਆ' ਸੀ। ਬਾਅਦ ਵਿਚ ਮੁਸਲਮਾਨ ਆਗੂਆਂ ਦੇ ਇਸ ਬੇਇਨਸਾਫੀ ਵਿਰੁੱਧ ਆਵਾਜ਼ ਉਠਾਉਣ 'ਤੇ ਸਰਕਾਰ ਵੱਲੋਂ ਇਸ ਕਾਂਡ ਦੀ ਵਿਸਥਾਰ ਪੂਰਵਕ ਤਫਤੀਸ਼ ਕਰਵਾਈ ਗਈ ਤਾਂ ਕੋਈ ਹੋਰ ਹੀ ਜਥੇਬੰਦੀ ਇਸ ਵਿਚ ਕਸੂਰਵਾਰ ਪਾਈ ਗਈ ਤੇ ਅਸਲ ਕਸੂਰਵਾਰ ਫੜੇ ਗਏ। ਪਹਿਲਾਂ ਫੜੇ ਬੇਕਸੂਰ ਨੌਜਵਾਨਾਂ ਨੂੰ ਛੱਡ ਦਿੱਤਾ ਗਿਆ। ਜਨਤਾ ਦੇ ਜ਼ੋਰ ਪਾਉਣ ਤੇ ਸਰਕਾਰ ਨੇ ਗਲਤ ਫੜੇ ਗਏ 70 ਨੌਜਵਾਨਾਂ ਨੂੰ ਉਹਨਾਂ ਉਤੇ ਕੀਤੇ ਗਏ ਤਸ਼ੱਦਦ ਬਦਲੇ ਮੁਆਵਜ਼ਾ ਵੀ ਦੇ ਦਿੱਤਾ। ਪਰ ਵਿਰੋਧੀਆਂ ਵੱਲੋਂ ਸਰਕਾਰ ਦੇ ਇਸ ਫੈਸਲੇ ਨੂੰ ਉੱਚ ਅਦਾਲਤ ਰਾਹੀਂ ਰੱਦ ਕਰਵਾ ਦਿੱਤਾ ਗਿਆ। ਮਾਨਯੋਗ ਉੱਚ ਅਦਾਲਤ ਵਿਚ ਦੁਬਾਰਾ ਫਿਰ ਇਹ ਮੁੱਦਾ ਉਠਾਇਆ ਗਿਆ ਤਾਂ ਅਦਾਲਤ ਨੇ ਆਪਣਾ ਪਹਿਲਾ ਫੈਸਲਾ ਰੱਦ ਕਰ ਦਿੱਤਾ; ਅਤੇ 70 ਨੌਜਵਾਨਾਂ ਨੂੰ ਸਰਕਾਰ ਵੱਲੋਂ ਦਿੱਤੇ ਮੁਆਵਜ਼ੇ ਨੂੰ ਸਹੀ ਕਰਾਰ ਦੇ ਦਿੱਤਾ। ਸੋ ਸਹੀ ਇਨਸਾਫ ਲੈਣ ਲਈ ਜਨਤਾ, ਨਿਆਂਪਾਲਿਕਾ ਅਤੇ ਸਰਕਾਰ ਦਾ ਇਸ ਤਰ੍ਹਾਂ ਦਾ ਤਾਲਮੇਲ ਬਣਨਾ ਬਹੁਤ ਜ਼ਰੂਰੀ ਹੈ। ਚੋਣ ਪ੍ਰਣਾਲੀ ਦੇ ਸੁਧਾਰ ਲਈ ਅੱਜਕਲ੍ਹ ਇਕ ਹੋਰ ਸੁਝਾਅ ਵੀ ਉਭਰ ਕੇ ਸਾਹਮਣੇ ਆ ਰਿਹਾ ਹੈ, ਜਿਸਨੂੰ 'ਕੰਪੇਨ ਫਾਰ ਇਲੈਕਟੋਰਲ ਰਿਫਾਰਮਜ਼ ਇਨ ਇੰਡੀਆ' ਅਰਥਾਤ 'ਭਾਰਤ ਦੀ ਚੋਣ ਪ੍ਰਣਾਲੀ ਵਿਚ ਸੁਧਾਰ ਲਈ ਮੁਹਿੰਮ' ਦਾ ਨਾਂ ਦਿੱਤਾ ਗਿਆ ਹੈ। ਇਸ ਅਧੀਨ ਵਰਤਮਾਨ ਪ੍ਰਣਾਲੀ ਦੀ ਥਾਂ ਤੇ 'ਪ੍ਰਪੋਸ਼ਨੇਟ ਇਲੈਕ-ਟੋਰੇਲ ਸਿਸਟਮ' (ਪੀ. ਈ. ਐਸ.) ਅਰਥਾਤ 'ਨਿਸਬਤਨ ਚੋਣ ਪ੍ਰਣਾਲੀ' ਨੂੰ ਸਹੀ ਠਹਿਰਾਇਆ ਗਿਆ ਹੈ। ਇਸ ਅਨੁਸਾਰ ਚੋਣ ਉਮੀਦਵਾਰ ਨਹੀਂ ਲੜਨਗੇ ਸਗੋਂ ਪਾਰ-ਟੀਆਂ ਸਮੁੱਚੇ ਤੌਰ ਤੇ ਚੋਣਾਂ ਲੜਨਗੀਆਂ। ਚੋਣ ਖਰਚਿਆਂ ਦਾ ਪ੍ਰਬੰਧ ਸਰਕਾਰ ਕਰੇਗੀ, ਕੋਈ ਪਾਰਟੀ ਨਹੀਂ ਕਰੇਗੀ। ਵੱਖ ਵੱਖ ਪਾਰਟੀਆਂ ਵੱਲੋਂ ਪ੍ਰਾਪਤ ਵੱਖ ਵੱਖ ਵੋਟ ਪ੍ਰਤੀਸ਼ਤਤਾ ਦੇ ਆਧਾਰ ਤੇ ਉਹਨਾਂ ਨੂੰ ਸੀਟਾਂ ਦੇ ਦਿੱਤੀਆਂ ਜਾਣਗੀਆਂ। ਇਸ ਨਾਲ ਛੋਟੀਆਂ ਪਾਰਟੀਆਂ ਜੋ ਲੋਕਾਂ ਦੀਆਂ ਭਾਵਨਾਵਾਂ ਦੀ ਕਿਸੇ ਹੱਦ ਤੱਕ ਤਰਜਮਾਨੀ ਤਾਂ ਕਰਦੀਆਂ ਹਨ ਅਤੇ ਵੋਟਾਂ ਦੀ ਕੁਝ ਪ੍ਰਤੀਸ਼ਤਤਾ ਵੀ ਹਾਸਲ ਕਰ ਲੈਂਦੀਆਂ ਹਨ ਪਰ ਉਹਨਾਂ ਦਾ ਕੋਈ ਉਮੀਦਵਾਰ ਨਾ ਜਿੱਤਣ ਕਰਕੇ ਅਸੈਂਬਲੀ ਜਾਂ ਪਾਰਲੀਮੈਂਟ ਤੱਕ ਉਹਨਾਂ ਦੀ ਆਵਾਜ਼ ਨਹੀਂ ਪਹੁੰਚਦੀ। ਜੇ ਨਵੀਂ ਪ੍ਰਣਾਲੀ (ਪੀ. ਈ. ਐਸ) ਰਾਹੀਂ 2012 ਦੀਆਂ ਪੰਜਾਬ ਅਸੈਂਬਲੀ ਚੋਣਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਪ੍ਰਤੀਸ਼ਤਤਾ ਦੇ ਆਧਾਰ ਤੇ ਅਕਾਲੀ ਦਲ (34.75) ਅਤੇ ਬੀ. ਜੇ. ਪੀ. (7.13) ਦਾ ਕੁੱਲ ਜੋੜ 41.88 ਪ੍ਰਤੀਸ਼ਤ ਬਣਦਾ ਹੈ ਅਰਥਾਤ ਉਹਨਾਂ ਦੀਆਂ 49 ਸੀਟਾਂ ਬਣਦੀਆਂ ਹਨ। ਕਾਂਗਰਸ (40.11) ਦੀਆਂ 47 ਸੀਟਾਂ ਬਣੀਆਂ। ਪੀ. ਪੀ. ਪੀ. (5.17) ਦੀ 7 ਅਤੇ ਬੀ. ਐਸ. ਪੀ. (4.13) ਦੀ 6 ਸੀਟਾਂ ਬਣਦੀਆਂ ਹਨ। ਪੀ. ਪੀ. ਪੀ. ਅਤੇ ਬੀ. ਐਸ. ਪੀ. ਨੂੰ ਕਾਫੀ ਲੋਕਾਂ ਵੱਲੋਂ ਪਸੰਦ ਤਾਂ ਕੀਤਾ ਗਿਆ ਪਰ ਪ੍ਰਚੱਲਿਤ ਪ੍ਰਣਾਲੀ ਵਿਚ ਕੋਈ ਸੀਟ ਨਾ ਜਿੱਤਣ ਕਰਕੇ ਅਸੈਂਬਲੀ ਵਿਚ ਉਹਨਾਂ ਲੋਕਾਂ ਦੀ ਆਵਾਜ਼ ਨਹੀਂ ਪਹੁੰਚੀ। ਨਵੇਂ ਸਿਸਟਮ ਵਿਚ ਉਹਨਾਂ ਵੱਲੋਂ ਇਸੇ ਵੋਟ ਪ੍ਰਤੀਸ਼ਤਤਾ ਰਾਹੀਂ 7 ਅਤੇ 6 ਸੀਟਾਂ ਜਿੱਤਣ ਨਾਲ ਉਹਨਾਂ ਦੀ ਆਵਾਜ਼ ਅਸੈਂਬਲੀ ਵਿਚ ਪਹੁੰਚਦੀ ਹੈ। ਇਸ ਪ੍ਰਣਾਲੀ ਨੂੰ ਹੋਰ ਵਿਸਥਾਰ ਪੂਰਵਕ ਪਰਖਿਆ ਜਾ ਸਕਦਾ ਹੈ ਪਰ ਪਹਿਲੀ ਨਜ਼ਰੇ ਜਾਪਦਾ ਹੈ ਕਿ ਇਸ ਨਾਲ ਵੀ ਚੋਣ ਪ੍ਰਣਾਲੀ ਵਿਚ ਕਾਫੀ ਸੁਧਾਰ ਦੀ ਗੁੰਜਾਇਸ਼ ਹੈ। ਇੰਝ ਕਰਨ ਨਾਲ ਖਰਚੇ ਘਟਣਗੇ ਅਤੇ ਪਾਰਟੀਆਂ ਵੱਲੋਂ ਵਰਤੇ ਜਾਂਦੇ ਭ੍ਰਿਸ਼ਟ ਤਰੀਕਿਆਂ ਨੂੰ ਵੀ ਠੱਲ੍ਹ ਪਵੇਗੀ। ਛੋਟੀਆਂ ਪਾਰਟੀਆਂ ਜਾਂ ਗਰੁੱਪਾਂ ਨੂੰ ਵੀ ਆਪਣੀ ਆਵਾਜ਼ ਬੁਲੰਦ ਕਰਨ ਦਾ ਮੌਕਾ ਮਿਲੇਗਾ। ਇਸ ਤਰ੍ਹਾਂ ਜੇ ਨਿਆਂਪਾਲਿਕਾ, ਸਰਕਾਰ, ਚੋਣ ਕਮਿਸ਼ਨ ਅਤੇ ਜਨਤਾ ਰਲ ਮਿਲ ਕੇ ਸਹੀ ਕਦਮ ਚੁੱਕਦੇ ਰਹਿਣ ਤਾਂ ਅੱਜ ਦੇ ਇਸ ਭ੍ਰਿਸ਼ਟ ਅਤੇ ਮਾਫੀਆ ਗਰੁੱਪਾਂ ਨਾਲ ਭਰਪੂਰ ਸਿਆਸੀ ਅਤੇ ਚੋਣ ਅਖਾੜੇ ਵਿਚ ਨਿਸ਼ਚੇ ਹੀ ਸੁਧਾਰ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਨਹੀਂ ਤਾਂ ਇਸ ਵੇਲੇ ਬੱਸ ਰੱਬ ਹੀ ਰਾਖਾ ਹੈ।



*# 255/15-ਏ, ਚੰਡੀਗੜ੍ਹ*
*9872670278 (ਮੋਬਾਇਲ)*

# ਦਲਿਤਾਂ ਦੀਆਂ ਮੂਲ ਸਮੱਸਿਆਵਾਂ ਤੇ ਉਹਨਾਂ ਦੇ ਹੱਲ ਸਬੰਧੀ ਵਿਦਵਾਨਾਂ ਦੀਆਂ ਚਿੰਤਾਵਾਂ- ਇਕ ਸੈਮੀਨਾਰ ਰਿਪੋਰਟ

ਕਿਉਂ ਕਰ ਰਿਹਾ ਹੈ? ਇਸ ਡੂੰਘਾਈ ਤੱਕ ਜਾਣਾ ਚਾਹੀਦਾ ਹੈ। ਕਿਸੇ ਦੇਸ਼ ਜਾਂ ਕੌਮ ਦੀ ਤਰੱਕੀ ਗਲਤ ਵਿਚਾਰਧਾਰਾ ਨੂੰ ਮੁੱਢੋਂ ਹੀ ਬਦਲ ਕੇ ਸੰਭਵ ਹੋ ਸਕਦੀ ਹੈ। ਜਿੱਥੋਂ ਤੱਕ ਦਲਿਤ ਅਧਿਐਨ ਦਾ ਸਵਾਲ ਹੈ, ਸਾਨੂੰ ਤਿੰਨ ਹਜ਼ਾਰ ਸਾਲ ਪਿੱਛੇ ਜਾਣਾ ਪਵੇਗਾ, ਜਿੱਥੇ ਦੋ ਆਪਾ ਵਿਰੋਧੀ ਵਿਚਾਰਧਾਰਾਵਾਂ- ਇਕ ਗੌਤਮ ਬੁੱਧ ਦੀ ਅਤੇ ਦੂਜੀ ਮੰਨੂ ਜਾਂ ਕੌਟਲਿਆ ਦੀ, ਇਸਦੀ ਆਪਸੀ ਲੜਾਈ ਰਹੀ ਹੈ।

ਉਹਨਾਂ ਕਿਹਾ ਕਿ ਗੌਤਮ ਬੁੱਧ ਭਾਰਤ ਦੇ ਹੀ ਨਹੀਂ ਅਫਲਾਤੂਨ ਤੇ ਸੁਕਰਾਤ ਤੋਂ ਵੀ ਪਹਿਲਾਂ ਦੇ ਦੁਨੀਆਂ ਦੇ ਸਭ ਤੋਂ ਪਹਿਲੇ ਸਿਆਸੀ ਦਾਨਸ਼ਵਰ ਹੋਏ ਹਨ। ਸਾਡੀ ਸਿੰਧੂ ਘਾਟੀ ਸਭਿਅਤਾ ਉੱਚ ਪਾਏ ਦੀ ਸਭਿਅਤਾ ਰਹੀ ਹੈ, ਜਿਸ ਵਿਚ ਬਰਾਬਰਤਾ ਸੀ ਅਤੇ ਖੁਸ਼ਹਾਲੀ ਸੀ। ਉਹ ਸੌ ਤੱਕ ਗਿਣਤੀ ਜਾਣਦੇ ਸਨ, ਕਿਉਂਕਿ ਭੇਡਾਂ ਬੱਕਰੀਆਂ ਦੇ ਵੱਡੇ ਵੱਡੇ ਵੱਗ ਪਾਲਦੇ ਸਨ, ਜਿਸ ਕਰਕੇ ਉਹਨਾਂ ਦਾ ਹਿਸਾਬ ਕਿਤਾਬ ਰੱਖਣ ਲਈ ਗਿਣਤੀ ਜ਼ਰੂਰੀ ਸੀ।

ਵਿਗਿਆਨ ਤੇ ਤਕਨਾਲੌਜੀ ਦੀ ਵਰਤੋਂ ਕਰਦੇ ਸਨ। ਲੋਹੇ ਨੂੰ ਪਿਘਲਾ ਕੇ ਚਾਕੂ, ਉਸਤਰੇ, ਹਲ, ਹਥਿਆਰ ਆਦਿ ਤਿਆਰ ਕਰਦੇ ਸਨ। ਲੋਹੇ ਨੂੰ ਪਿਘਲਾਉਣ ਜਾਂ ਗਰਮ ਕਰਨ ਲਈ ਚਮੜੇ ਦੀ ਧੌਂਖਣੀ ਦੀ ਕਾਢ ਵੀ ਉਹਨਾਂ ਨੇ ਕੱਢੀ ਸੀ, ਕਿਉਂਕਿ ਬ੍ਰਾਹਮਣ ਤਾਂ ਚਮੜੇ ਨੂੰ ਹੱਥ ਹੀ ਨਹੀਂ ਸੀ ਲਾਉਂਦਾ। ਬਾਣੀਏ ਵੱਲੋਂ ਵੀ ਕੋਈ ਉਤਪਾਦਕ ਕੰਮ ਨਹੀਂ ਕੀਤਾ ਗਿਆ, ਉਹ ਪੈਸਾ ਜਾਂ ਸੋਨਾ ਇਕੱਠਾ ਕਰਕੇ ਇਸ 'ਗੁਪਤ ਧਨ' ਨੂੰ ਘਰ ਵਿਚ ਦਬਾਅ ਦਿੰਦਾ ਸੀ। ਹੋਰ ਅੱਗੋਂ ਨਿਵੇਸ਼ ਨਹੀਂ ਸੀ ਕਰਦਾ।

ਜੋ ਸਮਾਜ ਦੀ ਉਨਤੀ ਲਈ ਵਰਤਿਆ ਜਾ ਸਕਦਾ ਸੀ ਪਰ ਵਰਤਿਆ ਨਹੀਂ ਸੀ ਜਾਂਦਾ। ਗਾਂਧੀ ਨੇ ਵੀ ਦਲਿਤਾਂ ਵਾਂਗ ਨੰਗਿਆਂ ਰਹਿ ਕੇ ਉਹਨਾਂ ਨੂੰ ਉਹਨਾਂ ਵਰਗਾ ਹੀ ਲੱਗਣ ਦਾ ਨਾਟਕ ਕੀਤਾ ਤਾਂ ਜੋ ਉਹਨਾਂ ਨੂੰ ਭਰਮਾਇਆ ਜਾ ਸਕੇ। ਨੰਗੇ ਰਹਿਣਾ ਦਲਿਤਾਂ ਦੀ ਮਜਬੂਰੀ ਸੀ, ਜਿਸਨੂੰ ਸੁਧਾਰਨ ਲਈ ਗਾਂਧੀ ਨੇ ਕੋਈ ਠੋਸ ਕੰਮ ਨਹੀਂ ਕੀਤਾ ਸਗੋਂ ਉਹ ਦਲਿਤਾਂ ਨੂੰ ਤਿੰਨ ਹਜ਼ਾਰ ਸਾਲ ਪਿੱਛੇ ਲਿਜਾਣਾ ਚਾਹੁੰਦਾ ਸੀ। ਦੂਜੇ ਪਾਸੇ ਨੰਗੇ ਦਲਿਤਾਂ ਦਾ ਪ੍ਰਤੀਨਿਧੀ ਡਾ. ਅੰਬੇਦਕਰ ਪੂਰੇ ਸੂਟਿਡ ਬੂਟਿਡ ਰਹਿ ਕੇ ਦਲਿਤਾਂ ਨੂੰ ਇਸ ਪੱਧਰ ਤੇ ਲਿਜਾਣ ਦਾ ਪ੍ਰਤੀਕ ਬਣਨਾ ਚਾਹੁੰਦਾ ਸਨ। ਡਾ. ਇਲਈਆ ਨੇ ਕਿਹਾ ਕਿ ਸੰਸਾਰ ਪੱਧਰ ਤੇ ਵੀ ਦਲਿਤਾਂ ਨੇ ਵਿਗਿਆਨ, ਧਰਮ ਜਾਂ ਵਿਚਾਰਧਾਰਕ ਖੇਤਰ ਵਿਚ ਅਨੇਕਾਂ ਮੱਲਾਂ ਮਾਰੀਆਂ ਹਨ। ਹਵਾਈ ਜਹਾਜ਼ ਦੀ ਕਾਢ ਕੱਢਣ ਵਾਲੇ ਰਾਈਟ ਬ੍ਰਦਰਜ਼ ਵੀ 'ਬਰਡ ਵਾਚਿੰਗ ਕਮਿਊਨਿਟੀ'' ਵਿਚੋਂ ਹੋਏ ਹਨ ਜੋ ਕਾਮਾ ਜਮਾਤ ਵਿਚੋਂ ਸਨ।; ਡਾ. ਇਲਈਆ ਨੇ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਦੱਸਿਆ ਕਿ ਦਲਿਤਾਂ ਨਾਲ ਬ੍ਰਾਹਮਣ ਨੇ ਪੈਰ ਪੈਰ ਤੇ ਧੋਖਾ ਕੀਤਾ ਤੇ ਸਾਜ਼ਿਸ਼ ਰਚੀ। ਇੱਥੋਂ ਤੱਕ ਕਿ ਉਹ ਗਊ ਦੇ ਮੁਕਾਬਲੇ ਮੱਝ ਦੀ ਵਰਤੋਂ ਜ਼ਿਆਦਾ ਕਰਦਾ ਸੀ ਪਰ ਉਸਨੇ ਮਾਤਾ ਦਾ ਦਰਜਾ ਗਊ ਨੂੰ ਇਸ ਕਰਕੇ ਦਿੱਤਾ ਕਿ ਉਸਦਾ ਰੰਗ ਸਾਫ ਸੀ ਤੇ ਮੱਝ ਦਾ ਕਾਲਾ, ਜੋ ਦਲਿਤਾਂ ਨਾਲ ਮਿਲਣ ਕਰਕੇ ਉਸਨੂੰ ਕਾਲੇ ਰੰਗ ਨਾਲ ਹੀ ਨਫ਼ਰਤ ਸੀ।

ਅੰਤ ਵਿਚ ਡਾ. ਕਾਂਚਾ ਇਲਈਆ ਨੇ ਕਿਹਾ ਕਿ ਸਾਨੂੰ ਦਲਿਤਾਂ ਦਾ ਅਧਿਐਨ ਕਰਨ ਲਈ ਹਰ ਚੀਜ਼ ਨੂੰ, ਹਰ ਵਿਚਾਰ ਨੂੰ ਉਸਦੇ ਮੁਢਲੇ ਰੂਪ ਤੋਂ ਵੇਖਣਾ ਪਵੇਗਾ ਤਾਂ ਹੀ ਅਸਲੀਅਤ ਤੱਕ ਪਹੁੰਚਿਆ ਜਾ ਸਕਦਾ ਹੈ। ਜੋ ਗਲਤ ਹੈ ਉਸਨੂੰ ਤਹਿਸ ਨਹਿਸ ਕਰਕੇ ਹੀ ਵਰਤਮਾਨ ਅਤੇ ਭਵਿੱਖ ਨੂੰ ਸੁਧਾਰਿਆ ਜਾ ਸਕਦਾ ਹੈ। ਇੱਕੀਵੀਂ ਸਦੀ ਵਿਚ ਦਲਿਤਾਂ ਦੇ ਅਧਿਐਨ ਲਈ ਇਹੀ ਸਹੀ ਪਹੁੰਚ ਹੈ ਜੋ ਸਾਨੂੰ ਅਪਣਾਉਣੀ ਪਵੇਗੀ।

ਕੁੱਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਪੰਜਾਬ ਯੂਨੀਵਰਸਿਟੀ ਵੱਲੋਂ ਇਹ ਬੜਾ ਸਾਰਥਕ ਕਦਮ ਚੁੱਕਿਆ ਗਿਆ ਹੈ। ਵਿਸ਼ਵੀਕਰਨ ਦੇ ਇਸ ਯੁੱਗ ਵਿਚ ਇਹ ਜ਼ਰੂਰੀ ਹੈ ਕਿ ਵਿਸ਼ਵ ਦਾ ਹਿੱਸਾ ਬਣਨ ਤੋਂ ਪਹਿਲਾਂ ਦੇਸ਼ ਜਾਤ ਪਾਤ ਅਤੇ ਉਚ ਨੀਚ ਦੇ ਕੋਹੜ ਵਿਚੋਂ ਨਿਕਲਕੇ ਆਪ ਨਿੱਜੀ ਤੌਰ ਤੇ ਇਕ ਮਜ਼ਬੂਤ ਦੇਸ਼ ਬਣੇ ਤਾਂ ਹੀ ਵਿਸ਼ਵ ਪੱਧਰ ਤੇ ਉਸਦੀ ਪੁੱਛ ਪ੍ਰਤੀਤ ਹੋ ਸਕੇਗੀ। ਮਜ਼ਬੂਤ ਦੇਸ਼ ਬਣਨ ਲਈ ਹਰ ਸ਼ਹਿਰੀ ਨੂੰ ਨਾਲ ਲਿਆ ਜਾਣਾ ਅਤੀ ਜ਼ਰੂਰੀ ਹੈ। ਕੁਝ ਕੁ ਗਿਣਤੀ ਦੇ ਉੱਚ ਜਾਤੀਏ ਅਮੀਰ ਬਣਾਉਣ ਨਾਲ ਦੇਸ਼ ਅਮੀਰ ਜਾਂ ਸਮਰੱਥ ਨਹੀਂ ਬਣ ਜਾਂਦਾ ਜਦੋਂ ਤੱਕ ਉਸਦੇ 85-90 ਫੀਸਦੀ ਨੀਵੀਂ ਜਾਤੀ ਦੇ ਲੋਕ ਜੀਵਨ ਦੀਆਂ ਮੁਢਲੀਆਂ ਲੋੜਾਂ ਨੂੰ ਹੀ ਤਰਸ ਰਹੇ ਹੋਣ। ਪੰਜਾਬ ਯੂਨੀਵਰਸਿਟੀ ਦੀਆਂ ਇਹਨਾਂ ਕੋਸ਼ਿਸ਼ਾਂ, ਵਿਸ਼ੇਸ਼ ਕਰਕੇ ਡਾ. ਰੌਣਕੀ ਰਾਮ ਅਤੇ ਡਾ. ਸਤਿੰਦਰ ਕੇ. ਸ਼ੁਕਲਾ ਸਮੇਤ ਸਮੁੱਚੀਆਂ ਕੋਸ਼ਿਸ਼ਾਂ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਆਸ ਹੈ ਇਹ ਟੀਮ ਭਵਿੱਖ ਵਿਚ ਵੀ ਅਜਿਹੀਆਂ ਕੋਸ਼ਿਸ਼ਾਂ ਜਾਰੀ ਰੱਖੇਗੀ।

# 255/15-ਏ, ਚੰਡੀਗੜ੍ਹ
9872670278 (ਮੋਬਾਇਲ)

## ਸਤਿਗੁਰੂ ਨਾਨਕ

-ਬਿਹਾਰੀ ਲਾਲ ਚਾਹਲ

ਜਦੋਂ ਆਉਣ ਅਵਤਾਰ ਇਸ ਧਰਤ ਉਤੇ,
ਮਿਟਦੀ ਧੁੰਦ ਤੇ ਜੱਗ ਤੇ ਨੂਰ ਹੁੰਦਾ
ਹਨੇਰੇ ਦੂਰ ਹੋ ਜਾਂਵਦੇ ਧਰਤ ਉਤੋਂ,
ਨੂਰੋ ਨੂਰ ਹੁੰਦਾ ਨੂਰੋ ਨੂਰ ਹੁੰਦਾ
ਸਾਡੇ ਗੁਰਾਂ ਤੇ ਫੁੱਲਾਂ ਦੀ ਕਰੋ ਵਰਖਾ,
ਉਤੇ ਅਰਸ਼ਾਂ ਦੇ ਹੁਕਮ ਹਜ਼ੂਰ ਹੁੰਦਾ
ਸਤਿਗੁਰੂ ਨਾਨਕ ਜਿਹਾ ਜੱਗ ਤੇ ਹੋਰ ਕੋਈ ਨਹੀਂ,
ਚੌਹਾਂ ਯੁੱਗਾਂ ਵਿਚ ਜਿਹੜਾ ਮਸ਼ਹੂਰ ਹੁੰਦਾ
ਉਸ ਧਰਤੀ ਨੂੰ ਭਾਗ ਹਨ ਲੱਗ ਜਾਂਦੇ,
ਜਿੱਥੇ ਬੈਠ ਕੇ ਸਤਿਗੁਰੂ ਪ੍ਰਚਾਰ ਕਰਦੇ
ਬੜੇ-ਬੜੇ ਹੰਕਾਰੀਆਂ ਦੇ ਮਾਣ ਟੁੱਟ ਜਾਂਦੇ,
ਜਦੋਂ ਗੋਸ਼ਟੀ ਨਾਲ ਵਿਚਾਰ ਕਰਦੇ
ਕੌਡੇ ਰਾਖਸ਼ਾਂ ਵਰਗਿਆਂ ਪਾਪੀਆਂ ਦਾ,
ਵਿਚ ਪਲਾਂ ਦੇ ਗੁਰੂ ਸੁਧਾਰ ਕਰਦੇ
ਜਾ ਕੇ ਗੰਗਾ ਤੇ ਖੇਤਾਂ ਨੂੰ ਦੇਣ ਪਾਣੀ,
ਅੰਧ ਵਿਸ਼ਵਾਸ ਦਾ ਜੜ੍ਹੋਂ ਉਖਾੜ ਕਰਦੇ
ਕਾਰਨਾਮੇ ਨਹੀਂ ਗੁਰਾਂ ਦੇ ਗਿਣੇ ਜਾਂਦੇ,
ਜਾ ਕੇ ਮੱਕੇ ਗੁਰਾਂ ਮੱਕਾ ਭੁੰਆ ਦਿੱਤਾ
ਵੱਡੇ ਮੌਲਵੀ ਅਤੇ ਮੁਲਾਣਿਆਂ ਨੂੰ,
ਕਰਕੇ ਉਪਦੇਸ਼ ਗੁਰਾਂ ਸਮਝਾ ਦਿੱਤਾ
ਵਿਚ ਬਗਦਾਦ ਦੇ ਗੁਰਾਂ ਨੇ ਚਰਨ ਪਾਏ,
ਕੌੜੇ ਪਾਣੀ ਨੂੰ ਮਿੱਠਾ ਬਣਾ ਦਿੱਤਾ
ਧੰਨ ਧੰਨ ਹੈ ਧੰਨ ਹੈ ਧੰਨ ਸਤਿਗੁਰੂ,
ਬਾਬੇ ਨਾਨਕ ਇਹ ਕ੍ਰਿਸ਼ਮਾ ਦਿਖਾ ਦਿੱਤਾ।
ਇਹੀ ਸਭ ਗੁਰਾਂ ਦੀ ਮਿਹਰ ਹੈ ਸਾਧ ਸੰਗਤੇ,
ਧੁੰਮਾਂ ਪੈਂਦੀਆਂ ਸਾਰੇ ਸੰਸਾਰ ਉਤੇ
ਦੂਰੋਂ-ਦੂਰੋਂ ਹਰਿਮੰਦਰ ਸਾਹਿਬ ਆਉਣ ਸੰਗਤਾਂ,
ਲੱਖਾਂ ਝੁਕਦੇ ਸੀਸ ਦਰਬਾਰ ਉਤੇ
ਮੂੰਹੋਂ ਮੰਗੀ ਮੁਰਾਦ ਜੋ ਹੋਏ ਪੂਰੀ, ਡੋਰੀ ਰੱਖੇ
ਜੋ ਸੱਚੀ ਸਰਕਾਰ ਉਤੇ
ਆਪਣੇ ਰਹਿਮ ਤੇ ਮਿਹਰ ਦੀ ਨਿਗਾਹ ਕਰਨੀ,
ਬਿਹਾਰੀ ਲਾਲ ਦੀ ਬਾਬਾ ਪੁਕਾਰ ਉਤੇ।

## ਯੱਭਲ ਦੀਆਂ ਯੱਭਲੀਆਂ

- ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ

ਝੁੱਗਾ ਭਾਵੇਂ ਪੰਜਾਬ ਦਾ ਜਾਏ ਉੱਜੜ,
ਤੂੰ ਗੀਤ ਖੁਸ਼ੀ ਦੇ ਗਾ ਡੀਅਰ।
ਬਾਦਲ ਆਖੇ ਸੁਖਬੀਰ ਬੱਚਿਆਂ ਓਏ
ਦਾਲ ਆਟੇ ਦੇ ਪੁੱਛ ਨਾ ਭਾਅ ਡੀਅਰ।
ਮੌਜ ਮਸਤੀ ਕਰ ਤੇ ਲੁੱਟ ਬੁੱਲ੍ਹੇ,
ਕਰ ਪੂਰੇ ਤੂੰ ਆਪਣੇ ਚਾਅ ਡੀਅਰ।
ਕਿਸ਼ਤੀ ਡੁਬਦੀ ਡੁੱਬ ਜੇ 'ਯੱਭਲਾ' ਓਏ,
ਤੈਨੂੰ ਲੱਗੂ ਨਾ ਤੱਤੀ ਵਾ ਡੀਅਰ।

## 'ਪਿਆਜ਼'




ਮੇਜਰ ਸਿੰਘ 'ਬੁਢਲਾਡਾ'

ਕਹਿੰਦਾ ਉਮਰ ਸੱਠਾਂ ਨੂੰ ਹੋਣ ਚੱਲੀ,
ਐਸਾ ਦੇਖਿਆ ਨਾ ਕੋਈ ਸਾਧ ਡੇਰੇ।
ਸ਼ਰਧਾਂ ਨਾਲ ਪ੍ਰਸ਼ਾਦ ਚੜਾਉਣ ਦੀ ਥਾਂ,
ਆਖੇ ਸਵਾ ਕਿਲੋ ਚੜ੍ਹਾਜੀ ਪਿਆਜ਼ ਡੇਰੇ।
ਪਿਆਜ ਬਿਨਾਂ ਨਾ ਚੰਗੀ ਬਣੇ ਸਬਜ਼ੀ,
ਨਾ ਹੀ ਬਣਦੀ ਕੋਈ ਦਾਲ ਚੰਨਾ!
ਪਾਕੇ ਦੁੱਧ ਵਿਚ ਮਿਰਚਾਂ ਖਾ ਰੋਟੀ,
ਪਿਆਜ਼ ਖਰੀਦਣਾ ਹੋਇਆ ਮੁਹਾਲ ਚੰਨਾ!



**ਸ੍ਰੀ ਗੁਰੂ ਸੈਨ ਜੀ**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)



**ਸ੍ਰੀ ਗੁਰੂ ਰਵਿਦਾਸ ਜੀ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਤਿਗੁਰੂ ਭਗਤ ਸੈਨ ਜੀ ਦਾ ਅਵਤਾਰ ਪੁਰਬ ਗੁਰੂ ਘਰ ਵਿਖੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੁਆਰਾ 10 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸੋ ਸਮੂਹ ਸੰਗਤਾਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੇ ਸਮੂਹ ਪਰਿਵਾਰ ਅਤੇ ਹੋਰਨਾਂ ਸੰਗਤਾਂ ਨੂੰ ਵੀ ਨਾਲ ਲੈ ਕੇ ਇਸ ਸ਼ੁਭ ਅਵਸਰ ਤੇ ਹਾਜ਼ਰੀਆਂ ਭਰ ਕੇ ਸਤਿਗੁਰੂਆਂ ਦਾ ਆਸ਼ੀਰਵਾਦ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮਾਂ ਦਾ ਵੇਰਵਾ

* 8 ਨਵੰਬਰ ਦਿਨ ਸ਼ੁੱਕਰਵਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ
* 8 ਅਤੇ 9 ਨਵੰਬਰ ਦਿਨ ਸ਼ੁੱਕਰਵਾਰ ਅਤੇ ਸਨਿਚਰਵਾਰ, ਸ਼ਾਮ 6:30 ਵਜੇ, ਕੀਰਤਨ ਦਰਬਾਰ ਸਜਾਏ ਜਾਣਗੇ ਤੇ ਆਰਤੀ ਕੀਤੀ ਜਾਵੇਗੀ
* 10 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਰਾਗੀ ਜਥਾ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਤੇ ਹੋਰ ਸ਼ਬਦ ਗਾਇਨ ਕਰਨਗੇ।

ਭਾਈ ਸਾਹਿਬ ਭਾਈ ਗੁਰਦੇਵ ਸਿੰਘ ਜੀ ਕਥਾਵਾਚਕ, ਭਗਤ ਸੈਨ ਜੀ ਦੇ ਜੀਵਨ ਨਾਲ ਸਬੰਧਤ ਕਥਾ ਕਰਨਗੇ। ਇਸ ਤੋਂ ਇਲਾਵਾ ਕਵਿਜਨ ਵੀ ਧਾਰਮਿਕ ਗੀਤ ਤੇ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਸੋ ਇਕ ਵਾਰ ਫਿਰ ਸਮੂਹ ਇਲਾਕਾ ਨਿਵਾਸੀਆਂ ਤੇ ਦੂਰ ਦੁਰਾਡੇ ਦੀਆਂ ਸੰਗਤਾਂ ਨੂੰ ਸਮੂਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਇਸ ਸ਼ੁਭ ਅਵਸਰ ਤੇ ਪਰਿਵਾਰ ਸਮੇਤ ਹਾਜ਼ਰੀਆਂ ਲਗਵਾਉਣੀਆਂ ਨਾ ਭੁੱਲਣਾ ਜੀ।

ਗੁਰੂ ਕੇ ਲੰਗਰ ਅਤੁਟ ਵਰਤਣਗੇ।
ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:
ਗੁਰੂ ਘਰ ਦਾ ਫੋਨ ਨੰਬਰ (530) 674- 2564

**SHRI GURU RAVIDASS TEMPLE**
**1480 HAYNE AVENUE, YUBA CITY, CA 95993**

# ਰੂਹਾਨੀਅਤ ਅਤੇ ਭਗਤੀ ਦੇ ਭੰਡਾਰ-ਭਗਤ ਸੈਣ ਜੀ



ਜਸਵਿੰਦਰ ਸਿੰਘ ਖਾਂਬਰਾ
94170-94223

ਰੂਹਾਨੀਅਤ ਅਤੇ ਭਗਤੀ ਦੇ ਭੰਡਾਰ ਭਗਤ ਸੈਣ ਜੀ ਦਾ ਜਨਮ ਸੰਮਤ 1400 ਨੂੰ 20 ਮੱਘਰ ਦੀ ਪੂਰਨਮਾਸ਼ੀ ਨੂੰ ਅੰਮ੍ਰਿਤ ਵੇਲੇ ਚਾਰ ਵਜੇ ਪਿੰਡ ਸੋਹਲ ਠੱਠੀ ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਜੀਵਨੀ ਦੇਵੀ ਦੀ ਕੁੱਖੋਂ ਪਿਤਾ ਮਕੰਦ ਰਾਏ ਦੇ ਗ੍ਰਹਿ ਵਿਖੇ ਹੋਇਆ। ਆਪ ਬਚਪਨ ਤੋਂ ਹੀ ਪ੍ਰਮਾਤਮਾ ਦੀ ਭਗਤੀ ਕਰਦੇ ਅਤੇ ਪ੍ਰਮਾਰਥ ਦੀਆਂ ਗੱਲਾ ਕਰਦੇ ਅਤੇ ਆਪਣੈ ਬਾਲ ਸਾਥੀਆਂ ਨਾਲ ਅਧਿਆਤਮਕ ਖੇਡਾਂ ਖੇਡਦੇ ਰਹਿੰਦੇ ਸਨ।

ਆਪ ਜੀ ਨੇ ਆਪਣੇ ਸਾਥੀ ਭਗਤਾਂ ਨਾਲ ਪ੍ਰਚਾਰਕ ਦੋਰੇ' ਤੇ ਚਲ ਪਏ। ਇਸ ਸੰਤ ਮੰਡਲੀ ਨਾਲ ਪੂਰੇ ਭਾਰਤ ਤਾ ਭ੍ਰਗਵ ਕਰਕੇ ਲੋਕਾਈ ਨੂੰ ਕਰਮ- ਕਾਂਡਾਂ ਛੂਆ-ਛਾਤ ਅਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਇਕ ਪ੍ਰਮਾਤਮਾ ਦੀ ਅਰਾਧਨਾ'ਤੇ ਜ਼ੋਰ ਦਿੱਤਾ।

ਆਪ ਜੀ ਦੇ ਜੀਵਨ ਵਿੱਚ ਇਕ ਅਜਿਹੀ ਘਟਨਾ ਘਟੀ ਜਿਸ ਘਟਨਾ ਨੈ ਆਪ ਜੀ ਦੇ ਜੀਵਨ ਨੂੰ ਹੀ ਬਦਲ ਦਿੱਤਾ। ਸਾਖੀਕਾਰ ਅਨੁਸਾਰ ਆਪ ਜੈਪੁਰ ਦੇ ਰਾਜਾ ਜੈਪਾਲ ਦੀ ਟਹਿਲ ਸੇਵਾ ਕਰਿਆ ਕਰਦੇ ਸਨ। ਇਕ ਦਿਨ ਉਨ੍ਹਾਂ ਦੇ ਗ੍ਰਹਿ ਵਿਖੇ ਸੰਤ ਪ੍ਰਾਹੁਣੇ ਆ ਗਏ, ਕੀਰਤਨ ਦਾ ਪ੍ਰਵਾਹ ਸਾਰੀ ਰਾਤ ਚਲਦਾ ਰਿਹਾ।

ਭਗਤ ਜੀ ਕੀਰਤਨ ਵਿਚ ਇੰਨੇ ਲੀਨ ਹੋ ਗਏ ਕਿ ਉਹਨਾਂ ਨੂੰ ਰਾਜੇ ਕੋਲ ਟਹਿਲ ਸੇਵਾ ਲਈ ਜਾਣ ਦੀ ਕੋਈ ਸੁਧ ਨਾ ਰਹੀ। ਸੈਣ ਜੀ ਦਾ ਰੂਪ ਧਾਰ ਕੇ ਹਰੀ ਪ੍ਰਮੇਸ਼ਵਰ ਆਪ ਰਾਜੇ ਦੀ ਟਹਿਲ ਸੇਵਾ ਕਰ ਗਿਆ। ਹਰਿ ਰੂਪੀ ਸੈਣ ਦੇ ਹੱਥ ਲੱਗਦਿਆਂ ਹੀ ਰਾਜਾ ਜੋ ਰੋਗੀ ਸੀ ਅਰੋਗ ਹੋ ਗਿਆ। ਜਦੋਂ ਸੈਣ ਜੀ ਰਾਜੇ ਦੇ ਦਰਬਾਰ ਵਿਚ ਗਏ ਤਾਂ ਰਾਜੇ ਨੂੰ ਆਪਣੀ ਸੇਵਾ ਤੇ ਨਾ ਆਉਣ ਦਾ ਕਾਰਣ ਦੱਸਿਆ। ਰਾਜਾ ਹੈਰਾਨ ਹੋ ਕੇ ਕਹਿਣ ਲੱਗਾ ਸੈਣ ਜੀ ਤੁਸੀਂ ਤਾਂ ਮੇਰੀ ਆਪਣੇ ਹੱਥੀਂ ਟਹਿਲ ਸੇਵਾ ਕੀਤੀ ਹੈ। ਇਹ ਤੁਸੀਂ ਕੀ ਕਹਿ ਰਹੇ ਹੋ? ਤੁਹਾਡੇ ਹੱਥਾਂ ਵਿਚ ਅਜਿਹੀ ਦੈਵੀ ਸ਼ਕਤੀ ਦੇਖੀ ਜਿਸ ਨਾਲ ਮੈਂ ਆਰੋਗ ਹੋ ਗਿਆ ਹਾਂ। ਮੇਰਾ ਰੋਗ ਕੱਟਿਆ ਗਿਆ ਹੈ। ਸੈਣ ਜੀ ਨੇ ਰਾਜੇ ਨੂੰ ਕਿਹਾ ਕੀ ਹੁਣ ਅਸੀ ਉਸ ਦੀ ਨੋਕਰੀ ਕਰਾਂਗੇ ਜੋ ਸਾਡੇ ਥਾਂ'ਤੇ ਨੋਕਰੀ ਕਰ ਗਿਆ ਹੈ। ਸੈਣ ਜੀ ਨੇ ਰਾਜੇ ਦੀ ਨੋਕਰੀ ਦਾ ਤਿਆਗ ਕਰ ਦਿੱਤਾ।

ਪ੍ਰੰਤੂ ਰਾਜ ਨੇ ਸੈਣ ਜੀ ਦੇ ਹੀਰੇ ਜੜੀ ਮਾਲਾ ਅਤੇ ਸ਼ਾਹੀ ਪੁਸਾਕ ਪਾ ਦਿਤੀ ਅਤੇ ਸਿੰਘਾਸਨ 'ਤੇ ਬਿਠ-ਾਈਆਂ ਅਤੇ ਕਿਹਾ ਕਿ ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ ਹੈ। ਮੈਂ ਤੁਹਾਡੇ ਪਾਸੋਂ ਆਪਣੀ ਸੇਵਾ ਕਰਵਾਉਂਦਾ ਰਿਹਾ, ਅਸਲ ਵਿਚ ਤਾਂ ਤੁਸੀ ਰਾਜਾ ਹੈ ਮੈਂ ਤਾਂ ਤੁਹਾਡਾ ਸੇਵਕ ਹਾਂ। ਸੈਣ ਜੀ ਨੈ ਰਾਜੇ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਕਿ ਰਾਜਨ ਇਹ ਰਾਜ ਭਾਗ ਸਾਡੇ ਵੱਸ ਦੀ ਗੱਲ ਨਹੀਂ, ਇਹ ਤਾਂ ਤੁਹਾਡਾ ਹੀ ਕੰਮ ਹੈ। ਇਸ ਲਈ ਹਰੀ ਦਾ ਨਾਮ ਜਪੋਂ ਅਤੇ ਆਪਣੀ ਪਰਜਾ ਦੀ ਭਲਾਈ ਕਰੋ। ਰਾਜੇ ਨੂੰ ਇਹ ਉਪਦੇਸ਼ ਦੇ ਕੇ ਸੈਣ ਜੀ ਸੰਤ ਮੰਡਲੀ ਨਾਲ ਆ ਮਿਲੇ।

ਭਗਤ ਸੈਣ ਜੀ ਦੇ ਜੀਵਨ ਬਾਰੇ ''ਸ਼੍ਰੀ ਸੈਣ ਸਾਗਰ'' ਗ੍ਰੰਥ ਵਿਚੋਂ ਚੋਖਾ ਗਿਆਨ ਮਿਲਦਾ ਹੈ।

ਸੈਣ ਸਾਗਰ ਜੋ ਹੱਥ ਨਾਲ ਲਿਖਿਆ ਹੋਇਆ ਗ੍ਰੰਥ ਹੈ, ਇਹ ਪਿੰਡ ਅਕਾਲ ਗੜ੍ਹ ਢਪਈ ਨਜ਼ਦੀਕੀ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਵਰਗੀ ਡਰਾਈਵਰ ਸ੍ਰ.ਹਰਿ-ਜੰਦਰ ਸਿੰਘ ਗੋਲਣ ਦੇ ਘਰ ਸ਼ਸ਼ੋਭਿਤ ਹੈ।

ਕਾਗਜ, ਸਿਆਹੀ ਅਤੇ ਗ੍ਰੰਥ ਦੀ ਬਣਤਰ ਤੋਂ ਪਤਾ ਲੱਗਦਾ ਹੈ ਕਿ ਇਹ ਗ੍ਰੰਥ 200-250 ਸਾਲ ਤੋਂ ਪੁਰਾਣਾ ਗ੍ਰੰਥ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦਾ ਕੇਵਲ ਇਕ ਸ਼ਬਦ ਦਰਜ਼ ਮਿਲਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 695 ਤੇ ਧਨਾਸਰੀ ਅੰਦਰ ਅੰਕਿਤ ਹੈ। ਭਗਤ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਟਿੱਕਾ ਭਾਈ ਦੂਜ ਵਾਲੇ ਦਿਨ ਪਿੰਡ ਪ੍ਰਤਾਬਪੁਰਾ ਤਹਿ.ਫਿਲੋਰ, ਜਿਲ੍ਹਾ ਜਲੰਧ ਵਿਖੇ ਦੀਵਾਲੀ ਵਾਲੇ ਦਿਨ ਤੋਂ ਭਾਈ ਦੂਜ ਦੇ ਦਿਨ ਤੱਕ ਮਨਾਇਆ ਜਾਂਦਾ ਹੈ।

------------

# ਆਦਿ-ਧਰਮ ਦਾ ਬਾਨੀ

**ਕਵੀ ਭਗਤ ਰਾਮ ਦੀਵਾਨਾ, ਬੁਰਜ਼ ਕੰਧਾਰੀ (ਜਲੰਧਰ)**

ਮੁੱਗੋਵਾਲ ਵਿਚ ਪੈਦਾ ਇਕ ਸ਼ੇਰ ਹੋਇਆ, ਖਿੜਿਆ ਵਾਂਗ ਗੁਲਾਬ ਜਿਉਂ ਫੁੱਲ ਹੋਇਆ।
ਸੱਚਾ ਕੌਮ ਦਾ ਆਗੂ ਸਿਪਾਹੀ ਸੀ ਉਹ, ਕੋਈ ਦੂਜਾ ਨਾ ਉਸ ਦੇ ਤੁੱਲ ਹੋਇਆ।
ਸੁੱਤੀ ਕੌਮੀ ਜਗਾਈ ਸੀ ਦੇ ਹੋਕਾ, ਸਾਥੋਂ ਤਾਰ ਨਾ ਉਸ ਦਾ ਮੁੱਲ ਹੋਇਆ।
ਜਦ ਸਟੇਜਾਂ ਤੇ ਖੜ੍ਹਕੇ ਗਜਰਦਾ ਸੀ, ਬੇੜਾ ਦੂਤੀਆਂ ਦਾ ਜਾਂਦਾ ਗੁੱਲ ਹੋਇਆ।
ਜਿੰਦਾ ਜੀ ਨਾ ਕਿਸੇ ਦੀ ਈਨ ਮੰਨੀ, ਈਨ ਦੂਸਰੇ ਤਾਈਂ ਮਨੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

'ਕੱਠੇ ਕਰਕੇ ਕੌਮ ਦੇ ਆਗੂਆਂ ਨੂੰ, ਮੁੱਗੋਵਾਲ ਦੇ ਵਿਚ ਬੁਲਾਇਆ ਸੀ।
ਉਨੀ ਸੌ ਸੰਨ ਪੱਚੀ ਈਸਵੀ ਨੂੰ, ਪਿੰਡ ਆਪਣੇ ਬਿਗਲ ਵਜਾਇਆ ਸੀ।
ਠਾਕਰ ਦਾਸ ਸੀ ਆਇਆ ਕੰਦੋਲੋ ਵਾਲਾ, ਸ਼ੂਦਰਾਨੰਦ ਦੇ ਤਾਈਂ ਬੁਲਾਇਆ ਸੀ।
ਹਜ਼ਾਰਾ ਰਾਮ ਬੀ. ਡੀ. ਓ. ਪਿਪਲਾਂ ਵਾਲੇ ਦਾ ਸੀ, ਹੰਸ ਰਾਜ ਤਾਈਂ ਖ਼ਤ ਪਾਇਆ ਸੀ।
ਰਲ ਕੇ ਸਾਰਿਆਂ ਫੈਸਲਾ ਇਹ ਕੀਤਾ, ਆਪਣਾ ਵੱਖਰਾ ਪੰਥ ਚਲੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ ਧਰਮ ਦੇ ਝੰਡੇ ਝਲੌਣ ਵਾਲਾ।

ਆਦਿ-ਧਰਮ ਦੇ ਹੱਥ ਵਿਚ ਫੜ ਝੰਡੇ, ਆਦਮਪੁਰ ਬਣ ਕੌਮੀ ਪਰਵਾਨੇ ਆਏ।
ਕੌਮੀ ਜਜ਼ਬਾ ਸੀ ਦਿਲ ਵਿਚ ਸਾਰਿਆਂ ਦੇ, ਸਾਰੇ ਆਪਣੇ, ਨਾ ਕੋਈ ਬਿਗਾਨੇ ਆਏ।
ਸੰਤ ਰਾਮ ਆਜ਼ਾਦ, ਗੁਰਬੰਤਾ ਸਿੰਘ ਵੀ, ਮੂਲਾ ਰਾਮ ਵੀ ਕਰ ਸ਼ਮਿਆਨੇ ਆਏ।
ਲਾਲ ਝੰਡੇ 'ਤੇ ਸਿਰ ਤੇ ਲਾਲ ਪੱਗਾਂ, ਇਕ ਸੁਰ ਨਾਲ ਗਾਉਂਦੇ ਤਰਾਨੇ ਆਏ।
ਮੰਗੂ ਰਾਮ ਗਰਜਿਆ ਸੀ ਸਟੇਜ ਉਤੇ, 'ਜੈ ਗੁਰਦੇਵ' ਨਾਹਰਾ ਹੈ ਸੀ ਲੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

ਆਦਿ-ਧਰਮ ਮੰਡਲ ਜਲੰਧਰ ਵਿਚ ਬਣਿਆ, 'ਆਦੀ ਡੰਕਾ' ਅਖ਼ਬਾਰ ਫੇਰ ਕੱਢਿਆ ਸੀ।
ਆਦਿ ਧਰਮੀਆਂ ਦੀਆਂ ਖ਼ਬਰਾਂ ਛਾਪਣ ਉਸ ਵਿਚ, ਝੰਡਾ ਵਿਚ ਮੈਦਾਨ ਦੇ ਗੱਡਿਆ ਸੀ।
ਪਾਈ ਬਿਲਡਿੰਗ ਜਲੰਧਰ ਦੇ ਵਿਚ ਵੱਡੀ, ਉੱਚਾ ਕੌਮ ਦਾ ਨਾਮ ਕਰ ਛੱਡਿਆ ਸੀ।
ਖਜ਼ਾਨਾ ਵਿੱਦਿਆ ਦਾ ਹੁਣ ਸਕੂਲ ਬਣਿਆ, ਗੁਰੂ ਰਵਿਦਾਸ ਦਾ ਨਾਮ ਕਰ ਵੱਡਿਆ ਸੀ।
ਕਦੇ ਡਰਿਆ ਨਾ ਸੀ ਗਿੱਦੜ ਭਬਕੀਆਂ ਤੋਂ, ਬੁੱਝੀ ਜੋਤ ਦੇ ਤਾਈਂ ਜਗੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

ਪ੍ਰਚਾਰ ਵਾਸਤੇ ਜ਼ਿਲ੍ਹੇ ਮੁਲਤਾਨ ਗਿਆ, ਕਦੇ ਹਿੰਮਤਾਂ ਨਾ ਉਸ ਹਾਰੀਆਂ ਸੀ।
ਚੀਚਾ ਵਤਨੀ ਤੇ ਵਿਚ ਸਰਗੋਧੇ ਗਿਆ, ਲਾਇਲਪੁਰ ਜਾ ਕੇ ਮੱਲਾਂ ਮਾਰੀਆਂ ਸੀ।
ਪਾਕਿਸਤਾਨ ਨੂੰ ਉਦੋਂ ਸੀ ਬਾਰ ਕਹਿੰਦੇ, ਜਾ ਕੇ ਕੌਮ ਨਾਲ ਗੰਢੀਆਂ ਯਾਰੀਆਂ ਸੀ।
ਨਾਮ ਸੁਣ ਕੇ ਨੱਠ ਵਿਰੋਧੀ ਜਾਂਦੇ, ਬੱਬਰ ਸ਼ੇਰ ਜਦੋਂ ਬੜ੍ਹਕਾਂ ਮਾਰੀਆਂ ਸੀ।
ਅਸੀਂ ਕਿਸੇ ਦੇ ਨਹੀਂ ਗੁਲਾਮ ਰਹਿਣਾ, ਮੁਰਦੇ ਦਿਲਾਂ ਦੇ ਲਹੂ ਗਰਮਾਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

ਗੋਲਮੇਜ਼ ਕਾਨਫਰੰਸਾਂ ਹੋਈਆਂ ਜਦੋਂ, ਪਾਰਟੀਆਂ ਕੁੱਲ ਇੰਗਲੈਂਡ ਮੰਗਾਈਆਂ ਸੀ।
ਡਾਕਟਰ ਅੰਬੇਦਕਰ ਵੱਖਰੇ ਹੱਕ ਮੰਗੇ, ਗਾਂਧੀ ਲੱਗਾ ਜਦ ਦੇਣ ਦੁਹਾਈਆਂ ਸੀ।
ਲੀਡਰ ਨਹੀਂ ਅਛੂਤਾਂ ਦਾ ਇਹ ਕਹਿੰਦਾ, ਊਂਜਾਂ ਗਾਂਧੀ ਨੇ ਝੂਠੀਆਂ ਲਾਈਆਂ ਸੀ।
ਮੰਗੂ ਰਾਮ ਨੂੰ ਜਦੋਂ ਸੀ ਪਤਾ ਲੱਗਾ, ਤਾਰਾਂ ਥਾਂ ਥਾਂ ਤੋਂ ਲਿਖ ਕੇ ਪਾਈਆਂ ਸੀ।
ਨਾਲ ਏਕਤਾ ਹੋਈਆਂ ਰਿਜ਼ਰਵ ਸੀਟਾਂ, 'ਦੀਵਾਨੇ ਤਾਂਹੀਓਂ' ਸੀ ਬਾਨੀ ਕਹੋਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ, ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

ਮੇਰੀ ਦਿਲੀ ਤਮੰਨਾ ਹੈ ਕਿ ਆਦਿ-ਧਰਮ ਮੰਡਲ ਨਾਂ ਦੀ ਸੰਸਥਾ ਸਦਾ ਵਧਦੀ ਫੁੱਲਦੀ ਰਹੇ ਅਤੇ ਇਹ ਸੋਚ ਦਾ ਝੰਡਾ ਦੇਸ਼ ਦੇ ਕੋਨੇ ਕੋਨੇ ਵਿਚ ਝੁੱਲਦਾ ਦਿਖਾਈ ਦੇਵੇ। ਭਰਾਵੋ, ਇਹ ਤਦ ਹੀ ਹੋ ਸਕਦਾ ਹੈ ਜੇ ਮੇਰੀ ਕੌਮ ਦੇ ਸੂਝਵਾਨ ਪੜ੍ਹੇ ਲਿਖੇ ਤੇ ਨੌਜਵਾਨ ਸਾਥੀ ਇਸ ਸੰਸਥਾ ਦੀ ਵਾਗਡੋਰ ਆਪਣੇ ਹੱਥਾਂ ਵਿਚ ਸੰਭਾਲਣ।
(ਬਾਬੂ ਮੰਗੂ ਰਾਮ ਮੁੱਗੋਵਾਲੀਆ, ਰਵਿਦਾਸ ਪੱਤ੍ਰਿਕਾ 24 ਅਪ੍ਰੈਲ 1974)

# ਲਾਹਨਤ ਹੈ ਏਸ ਦੇ ਜੀਣ ਉਤੇ

**ਸੰਤ ਰਾਮ, ਡਾਇਰੈਕਟਰ ਗੁਰੂ ਰਵਿਦਾਸ ਡਰਾਮਾਟਿਕ ਕਲੱਬ ਪਿਪਲਾਂਵਾਲਾ (ਹੁਸ਼ਿਆਰਪੁਰ)**

ਇਕ ਦਿਨ ਪੁੱਛਿਆ ਮੈਂ ਖੁਦਾ ਕੋਲੋਂ, ਏਡਾ ਭਾਰ ਕਿਉਂ ਪਿਆ ਕਮੀਨ ਉਤੇ।
ਕੋਈ ਖਾਏ ਹਲਵਾ ਕੋਈ ਖਾਏ ਪੂੜੀ, ਏਦ੍ਹੀ ਗੁਜ਼ਰ ਕਿਉਂ ਜੂਠ ਦੀ ਰੀਣ ਉਤੇ।
ਉਤੇ ਬਦਨ ਦੇ ਚੱਜ ਦੀ ਲੀਰ ਹੈ ਨਹੀਂ, ਪਕੜ ਸੂਈ ਧਾਗਾ ਰਹਿੰਦਾ ਸੀਣ ਉਤੇ।
ਸਾਰਾ ਜੱਗ ਆਰਾਮ ਦਾ ਖਾਏ ਟੁਕੜਾ, ਬੈਠ ਰਹਿੰਦਾ ਇਹ ਸਦਾ ਕਿਉਂ ਪੀਹਣ ਉਤੇ।
ਰੱਬਾ! ਕਹਿ ਇਹਨੂੰ ਜਾਂ ਆਜ਼ਾਦ ਹੋ ਜਾਏ, ਨਹੀਂ ਤਾਂ ਲਾਹਨਤ ਹੈ ਏਸ ਦੇ ਜੀਣ ਉਤੇ।

# ਮਹਿਫਲ ਕਿਰਤੀ-ਕਵੀਆਂ ਦੀ !

## ਸੰਗ੍ਰਹਿ ਕਰਤਾ– ਸੰਤੋਸ਼ ਚੁੰਬਰ ਜੇ. ਬੀ. ਟੀ.

ਮੇਰਾ ਮਿਸ਼ਨ ਸੰਸਾਰ ਨੂੰ ਇਕ ਕਰਨਾ, ਝੰਡੇ ਪੁੱਟਣੇ ਮਜ਼ਹਬਾਂ ਹੰਕਾਰੀਆਂ ਦੇ।
ਵਾਸ ਰੱਬ ਦਾ ਦੱਸ ਕੇ ਦਿਲਾਂ ਅੰਦਰ, ਪਾਜ ਖੋਲ੍ਹਣੇ ਪੱਥਰ ਪੁਜਾਰੀਆਂ ਦੇ।
ਨੀਵੀਂ ਕੌਮ ਨੇ ਵੱਢਣਾ ਨੂਰ ਅਣਖੀ, ਛੱਟੇ ਮਾਰ ਕੇ ਖੂਨ ਪਿਚਕਾਰੀਆਂ ਦੇ।
ਸੱਚੇ ਮਿਸ਼ਨ ਨੇ ਫੁਕਨੇ ਕੂੜ ਪੜ੍ਹਦੇ, ਮੂੰਹ ਮੋੜਨੇ ਤੇਗਾਂ ਦੁਧਾਰੀਆਂ ਦੇ।
ਮੈਂ ਹਾਂ 'ਤੇਜ਼' ਭਗਵਾਨ ਦੇ ਰੂਪ ਵਾਲਾ, ਮੇਰੇ ਤੇਜ਼ ਨੂੰ ਕਿਸੇ ਨੇ ਝੱਲਣਾ ਨਹੀਂ।
ਮੈਂ ਹਾਂ ਕਾਲ ਅਕਾਲ ਦੇ ਘਰੋਂ ਆਇਆ, ਮੇਰੇ ਰਾਹਾਂ ਨੂੰ ਹੋਣੀਆਂ ਮੱਲਣਾ ਕੀ।
(ਬ੍ਰਹਮ ਸਿੰਘ ਤੇਜ਼, ਆਬਾਦ ਪੁਰਾ, ਜਲੰਧਰ ਸ਼ਹਿਰ)

ਹੋਕਾ ਦੇ ਕੇ ਕੌਮ ਨੂੰ ਅਣਖ ਵਾਲਾ, ਸੁੱਤੀ ਕੌਮ ਦੇ ਤਾਈਂ ਜਗਾ ਦੇਵੋ।
ਹੋ ਜਾਣ ਫੌਲਾਦ ਵਾਂਗ ਪੱਕੇ, ਐਸੀ ਕੌਮ ਨੂੰ ਪਾਣ ਚੜ੍ਹਾ ਦੇਵੋ।
ਮੁੱਕ ਜਾਣ ਇਹ ਭੁੱਖ ਦੇ ਨਿੱਤ ਤਰਲੇ, ਜਿੰਦ ਕੌਮ ਦੇ ਲੇਖੇ ਲਾ ਦੇਵੋ।
ਮੇਰੀ ਕੌਮ ਦੇ ਕਵੀਓ ਧੜਕਿਓ ਨਾ, ਜਿੱਦਾਂ ਜਾਗਦੀ ਕੌਮ ਜਗਾ ਦੇਵੋ।
ਹੁੰਦੇ ਅਮਰ 'ਪ੍ਰਦੇਸੀਆ' ਨੇਕ ਬੰਦੇ, ਸ਼ਮ੍ਹਾ ਜ਼ੁਲਮ ਦੀ ਦੇਖ ਬੁਲਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰੀ, ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।
(ਤੇਜ਼ ਭਾਨ 'ਪ੍ਰਦੇਸੀ', ਤੱਗੜ ਜਲੰਧਰ)

ਹਾਲਾਤ ਦੇਖ ਗਰੀਬਾਂ ਦੇ ਬੱਚਿਆਂ ਦੀ, ਰੋਂਦੇ ਗਲੀਆਂ ਬਾਜ਼ਾਰਾਂ ਦੇ ਕੱਖ ਚੰਨਾ।
ਆਦਿ-ਧਰਮ ਦੇ ਧਰਮ ਨੇ ਡੋਲਣਾ ਨਹੀਂ, ਭਾਵੇਂ ਆਉਣ ਮੁਸੀਬਤਾਂ ਲੱਖ ਚੰਨਾ।
ਮਿਲੇ ਜ਼ਿੰਦਗੀ ਮੌਤ ਦੇ ਮੂੰਹ ਵਿਚੋਂ, ਇਸ ਪਰਮਾਣ ਦਾ ਕੀ ਪ੍ਰਤੱਖ ਚੰਨਾ।
ਮਲਕ ਭਾਗੋ ਨਾਲ ਯਾਰੀ ਨਾ ਲਾ ਬੈਠੀਂ, ਰੋਟੀ ਲਾਲੋ ਤਰਖਾਣ ਦੀ ਚੱਖ ਚੰਨਾ।
ਭੁੱਖ, ਨੰਗ ਕੰਗਾਲੀ ਨੂੰ ਕੱਢ ਇੱਥੋਂ, ਤੇਰੇ ਉਤੇ ਮਜ਼ਦੂਰਾਂ ਦੀ ਅੱਖ ਚੰਨਾ।
(ਹਰੀ ਦਾਸ 'ਅਰਸੀ' ਤੱਗੜ ਜ਼ਿਲ੍ਹਾ ਜਲੰਧਰ)

ਕਿਹੜਾ ਬਸ਼ਰ ਹੈ, ਜਿਹੜਾ ਇਹ ਜਾਣਦਾ ਨਹੀਂ,
ਕਰਦੇ ਜ਼ੁਲਮ ਸੀ, ਜੋ ਜੋ ਇਹ ਨਾਲ ਸਾਡੇ।
ਸੁਣ ਲੈਂਦੇ ਸੀ ਪੂਜਾ ਦੀ ਗੱਲ ਕੋਈ, ਕੰਨੀ ਪਾ ਦਿੰਦੇ ਸਿੱਕਾ ਢਾਲ ਸਾਡੇ।
ਇਲਮ ਪੜ੍ਹਨ ਪੜਾਣ ਦੀ ਖੁੱਲ੍ਹ ਨਹੀਂ ਸੀ, ਬੇ-ਇਲਮ ਰਹਿ ਗਏ ਧੀਆਂ ਬਾਲ ਸਾਡੇ।
(ਸ਼ਾਮ ਚੰਦ ਪਾਲ ਕਰਤਾਰਪੁਰੀ)

ਕੌਮਾਂ ਨਾਲ ਤਰੱਕੀ ਵੱਲ ਜਾਂਦੀਆਂ ਨੇ, ਜਿਨ੍ਹਾਂ ਕੋਲ ਤਲੀਮ ਦੀ ਰਾਸ ਹੋਵੇ।
ਫਖ਼ਰ ਨਾਲ ਉਹ ਜਿਉਂਦੀਆਂ ਵਿਚ ਦੁਨੀਆਂ, ਜਿਨ੍ਹਾਂ ਕੌਮਾਂ ਦਾ ਠੀਕ ਇਤਿਹਾਸ ਹੋਵੇ।
ਜਥੇਬੰਦ ਹੋ ਕੇ ਜਦੋਂ ਤੁਰਨ ਕੌਮਾਂ, ਤਦ ਸਤ ਸੰਤੋਖ ਦਾ ਵਾਸ ਹੋਵੇ।
ਆਗੂ ਕਰਨ ਕੁਰਬਾਨੀਆਂ ਕੌਮ ਉਤੇ, ਕੌਮ ਕਦੇ ਨਾ ਫੇਰ ਨਿਰਾਸ਼ ਹੋਵੇ।
(ਲੋਕ ਕਵੀ ਸ੍ਰੀ ਪੀ. ਆਰ., 'ਹੀਰਾ')

# ਆਦਿ-ਧਰਮੀ ਨੂੰ !

## ਗੁਰਦਾਸ ਰਾਮ 'ਆਲਮ'

ਆਦਿ-ਧਰਮੀਆ ਸੁਰਤ ਸੰਭਾਲ ਵੀਰਾ,
ਉਠ ਕੇ ਸੋਚ ਲੈ ਲਾਭ ਤੇ ਹਾਣ ਆਪਣੀ।
ਖੱਜਲ ਖੁਆਰ ਤੂੰ ਹੁੰਦਾ ਰਿਹਾ ਅੱਜ ਤੋੜੀ,
ਝਲਦੀ ਔਕੜਾਂ ਰਹੀ ਸੰਤਾਨ ਆਪਣੀ।
ਅੱਧੀ ਕੌਮ ਆਪਣੀ ਹਿੰਦੂ, ਸਿੱਖ ਲੈ ਗਏ,
ਅੱਧੀ ਕੌਮ ਲੈ ਗਏ ਮੁਸਲਮਾਨ ਆਪਣੀ।
ਰਹਿੰਦੇ ਖੂੰਹਦੇ ਈਸਾਈਆਂ ਨੇ ਖੋਹੇ ਖਿੱਚੇ,
ਤਾਹੀਉਂ ਰਾਹੀ ਨਹੀਂ ਜਾਨ ਵਿਚ ਜਾਨ ਆਪਣੀ।
'ਆਦਿ-ਗੁਰ' ਮੰਨ ਕੇ, ਬਣ ਜਾ ਆਦਿ ਧਰਮੀ,
ਨਾਲੇ ਭਾਰਾ ਇਤਫਾਕ ਦਾ ਧੜਾ ਹੋ ਜਾ।
ਤੈਥੋਂ ਫੇਰ ਨਾ ਕੋਈ ਵੀ ਕਰੂ ਨਫ਼ਰਤ,
'ਆਲਮ' ਆਪਣੇ ਪੈਰਾਂ ਤੇ ਖੜ੍ਹਾ ਹੋ ਜਾ।

# ਜਿਸ ਕੌਮ ਦੇ ਨਹੀਂ ਅਖ਼ਬਾਰ ਹੁੰਦੇ

ਉਹ ਕੌਮ ਨਹੀਂ ਬਹੁਤ ਚਿਰ ਜੀ ਸਕਦੀ,
ਜਿਸ ਕੋਲ ਨਹੀਂ ਅਣਖੀ ਵਿਚਾਰ ਹੁੰਦੇ।
ਬਲ, ਵਿੱਦਿਆ, ਏਕੇ ਤੋਂ ਰਹਿਣ ਖਾਲੀ,
ਪਾਟੋ-ਧਾੜ ਦੇ ਸਦਾ ਸ਼ਿਕਾਰ ਹੁੰਦੇ।
ਨਹੀਂ ਪੁੱਛਦਾ ਕੋਈ ਸਮਾਜ ਅੰਦਰ,
ਨਾ ਹੀ ਰਾਜ ਦਰਬਾਰ ਅਧਿਕਾਰ ਹੁੰਦੇ।
ਪੱਖ ਆਪਣਾ ਪੇਸ਼ ਨਹੀਂ ਕਰ ਸਕਦੇ,
ਅਸਮਰਥ ਹੁੰਦੇ, ਮੋਨਧਾਰ ਹੁੰਦੇ।
ਜੀਂਦੇ ਸਦਾ ਗੁਲਾਮ ਦੀ ਜ਼ਿੰਦਗੀ ਉਹ,
ਪੈਦਾਵਾਰ ਦੇ ਨਾ ਮੁਖਤਿਆਰ ਹੁੰਦੇ।
ਉਹ ਨਹੀਂ ਮੰਜ਼ਿਲ ਤਰੱਕੀ ਦੀ ਛੂਹ ਸਕਦੇ,
ਜਿਸ ਕੌਮ ਦੇ ਨਹੀਂ ਅਖ਼ਬਾਰ ਹੁੰਦੇ।
– (ਮੇਹਰ ਚੰਦ 'ਮੇਹਰ' ਬੜਾ ਪਿੰਡ, ਗੁਰਾਇਆਂ)

# ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦਾ ਇੰਗਲੈਂਡ 'ਚ ਸਵਾਗਤ

**ਮੇਹਰ ਚੰਦ 'ਮੇਹਰ' ਹਿਚਨ, ਇੰਗਲੈਂਡ**

ਮੰਗੂ ਰਾਮ ਜੀ ਕੌਮ ਦੇ ਰਤਨ ਹੀਰੇ, ਲੀਡਰ ਹੋਰ ਕੋਈ ਇਨ੍ਹਾਂ ਦੇ ਤੁਲ ਨਾਹੀਂ।
ਐਸੀ ਜਾਗਰਤੀ ਕੌਮ ਵਿਚ ਕਰੀ ਪੈਦਾ, ਆਦੀ ਕਦੇ ਵੀ ਸਕਣਗੇ ਭੁੱਲ ਨਾਹੀਂ।
ਲਾਲ ਪੱਗਾਂ ਸਜਾਈਆਂ ਤਾਂ ਆਈ ਲਾਲੀ, ਪੱਛੜੀ ਕੌਮ ਹੁਣ ਸਕੇਗੀ ਰੁਲ ਨਾਹੀਂ।
ਕੀਤੀ ਰੌਸ਼ਨੀ ਦਿਲਾਂ ਦੇ ਵਿਚ ਪੈਦਾ, ਚਾਨਣ ਕਦੇ ਹੋ ਸਕੇਗਾ ਗੁਲ ਨਾਹੀਂ।
ਆਦਿ-ਧਰਮ ਦੇ ਬਾਨੀ ਨੂੰ ਤੱਕ ਐਥੇ, ਖੁਸ਼ੀ ਵਿਚ ਹਾਂ ਮਸਤ ਮਲੰਗ ਬੈਠੇ।
ਸਾਨੂੰ ਲੈ ਕੇ ਮਨੁੱਖਤਾ ਦੇ ਹੱਕ ਦਿੱਤੇ, ਮਾਣ ਰਹੇ ਆਜ਼ਾਦੀ ਦੇ ਰੰਗ ਬੈਠੇ।
ਬਾਬੂ ਨਿਡਰ ਨਿਰਾਲੇ ਅਣਥੱਕ ਲੀਡਰ, ਸਾਡੇ ਵਾਸਤੇ ਸਾਰੇ ਜਹਾਨ ਵਿਚੋਂ।
ਲੈ ਕੇ ਲੈਂਪ ਜੇ ਲੱਭੀਏ ਨਹੀਂ ਲੱਭਦੇ, ਲੀਡਰ ਏਦਾਂ ਦੇ ਹਿੰਦੁਸਤਾਨ ਵਿਚੋਂ।
ਕੀ ਕਰਾਂ ਬਿਆਨ ਜੋ ਇਨ੍ਹਾਂ ਕੀਤਾ, ਕੀ ਮੈਂ ਲਿਖਾਂ ਕੀ ਬੋਲਾਂ ਜ਼ਬਾਨ ਵਿਚੋਂ।
ਬਚੇ ਗੱਦਰੀਏ ਤੋਪ ਦੇ ਮੂੰਹ ਵਿਚੋਂ, ਜਿੱਤੀ ਜਿੱਤ ਆਜ਼ਾਦੀ ਘਮਸਾਨ ਵਿਚੋਂ।
ਆਏ ਖੈਰ ਸਗਾਲੀ ਦੇ ਮਿਸ਼ਨ ਉਤੇ, ਹੁਬ ਹੁਬ ਜੀ ਆਇਆਂ ਪੁਕਾਰਦੇ ਹਾਂ।
ਕਰਕੇ ਨਿੱਘਾ ਸਵਾਗਤ ਅੱਜ ਖਿੜੇ ਮੱਥੇ, ਇੱਜ਼ਤ ਮਾਣ ਦੇ ਨਾਲ ਸਤਿਕਾਰਦੇ ਹਾਂ।
ਆਦੀ ਡੰਕੇ ਤੇ ਡੰਕੇ ਦੀ ਚੋਟ ਲਾ ਕੇ, ਜਾਗੋ ਸੁੱਤਿਓ ਕਹਿ ਕੇ ਜਗਾਏ ਆਦੀ।
ਛੋਟਾ ਮੂੰਹ ਤੇ ਬੜੀ ਹੈ ਬਾਤ ਸੱਜਣੋ, ਆਦਿ-ਧਰਮ ਦੇ ਝੰਡੇ ਹੇਠ ਆਏ ਆਦੀ।
ਫਰੀਡਮ ਫਾਈਟਰ ਦੀ ਕੀ ਮੈਂ ਲਿਖਾਂ ਸ਼ਕਤੀ, ਇਨ੍ਹਾਂ ਗਿੱਦੜ ਵੀ ਸ਼ੇਰ ਬਣਾਏ ਆਦੀ।
ਸਦਕਾ ਇਨ੍ਹਾਂ ਦੀਆਂ ਕੁਰਬਾਨੀਆਂ ਦਾ, ਅਫਸਰ ਦਿੱਸਣ ਅੱਜ ਸਜੇ ਸਜਾਏ ਆਦੀ।
ਹਾਰਦਿਕ ਸਵਾਗਤ ਹਾਂ ਅਸੀਂ ਕਰਦੇ, ਆਏ ਬਾਬੂ ਜੀ ਚੱਲ ਪੰਜਾਬ ਵਿਚੋਂ।
ਸਾਨੂੰ ਏਦਾਂ ਆਜ਼ਾਦੀ ਦੀ ਮਹਿਕ ਵੰਡੀ, ਮਹਿਕ ਜਿਸ ਤਰ੍ਹਾਂ ਆਵੇ ਗੁਲਾਬ ਵਿਚੋਂ।
ਆਦੀ ਜਾਗੇ ਜਲੰਧਰ, ਹੁਸ਼ਿਆਰਪੁਰ ਦੇ, ਲੁਧਿਆਣੇ, ਪੁਆਧ ਵੱਲ ਪਾਏ ਫੇਰੇ।
ਲਾਇਲਪੁਰੇ, ਮੁਲਤਾਨ ਤੇ ਮਿੰਟਗੁਮਰੀ, ਸ਼ੇਖੂਪੁਰੇ, ਲਾਹੌਰ ਵੀ ਲਾਏ ਡੇਰੇ।
ਮਾਝੇ, ਮਾਲਵੇ, ਸ਼ਿਮਲੇ ਤੇ ਕਾਂਗੜੇ ਵਿਚ, ਆਦਿ-ਵਾਸੀਆਂ ਦੇ ਦੁਸ਼ਮਣ ਜਾ ਘੇਰੇ।
ਬਖਸ਼ੀ ਖੁੱਲ੍ਹ ਦੀ ਸਾਨੂੰ ਸੁਗਾਤ ਬਾਬੂ, ਕਾਮਯਾਬੀ ਦੇ ਇਨ੍ਹਾਂ ਦੇ ਸਿਰ ਸਿਹਰੇ।
ਇਨ੍ਹਾਂ ਹੇਠਲੀ ਉਤੇ ਲਿਆਏ ਛੱਡੀ, ਆਦਿ-ਧਰਮ ਦੀ ਲਹਿਰ ਚਲਾਈ ਐਸੀ
ਲੈ ਗਈ ਰੋੜ੍ਹ ਗੁਲਾਮੀ ਦਾ ਗੰਦ ਸਾਰਾ, ਹਵਾ ਅਣਖ ਦੀ ਬਾਬੂ ਵਗਾਈ ਐਸੀ
ਜਾਰਜ ਪੰਚਮ ਨੂੰ ਲੰਦਨ ਨੂੰ ਤਾਰ ਭੇਜੀ, ਵਾਇਸ ਰਾਏ ਦੇ ਨਾਲ ਵੀ ਗੱਲ ਕੀਤੀ।
ਕਦੇ ਦੁੱਖ ਗਵਰਨਰ ਨੂੰ ਆਪ ਦੱਸੇ, ਸੇਵਾ ਕੌਮ ਦੀ ਬਾਬੂ ਪਲ ਪਲ ਕੀਤੀ।
ਕਦੇ ਮਿਲੇ ਸਿਕੰਦਰ ਹਿਯਾਤ ਖਾਂ ਨੂੰ, ਛੂਆ-ਛਾਤ ਵਿਰੁੱਧ ਤਰਥੱਲ ਕੀਤੀ।
ਲਏ ਹੱਕ ਪੰਜਾਬ ਸਰਕਾਰ ਕੋਲੋਂ, ਸਾਰੇ ਭਾਰਤ ਦੇ ਵਿਚ ਹਲਚਲ ਕੀਤੀ।
ਭੇਜੇ ਵੋਟ ਪੰਜਾਬੋਂ ਅੰਬੇਦਕਰ ਨੂੰ, ਲੰਡਨ ਬੈਠੇ ਨੂੰ ਨੇਤਾ ਬਣਾਉਣ ਵਾਲੇ
'ਮੇਹਰ' ਇਨ੍ਹਾਂ ਦਾ ਨਾਮ ਹੈ ਅਮਰ ਰਹਿਣਾ, ਸੁੱਤੀ ਕੌਮ ਦੀ ਬਿਗੜੀ ਬਣਾਉਣ ਵਾਲੇ।

# ਆਦਿ- ਧਰਮ ਲਹਿਰ ਬਾਰੇ ਮੁੱਖ ਗੱਲਾਂ

**ਐਮ. ਐਲ. ਮਹੇ, ਐਮ .ਏ.**

ਆਦਿ- ਧਰਮ ਲਹਿਰ ਪੰਜਾਬ ਵਿਚ ਸ਼ਾਇਦ 20ਵੀਂ ਸਦੀ ਦੀ ਪਹਿਲੀ ਇਸ ਤਰ੍ਹਾਂਦੀ ਲਹਿਰ ਸੀ, ਜਿਸ ਨੇ ਪੰਜਾਬ ਦੇ ਪੱਛੜੇ ਲੋਕਾਂ ਨੂੰ ਇਕੱਠੇ ਕਰਨ ਲਈ ਪਹਿਲੀ ਵਾਰ ਯਤਨ ਕੀਤਾ। ਉਹਨਾਂ ਲੋਕਾਂ ਨੂੰ ਜਥੇਬੰਦ ਕਰਨ ਦਾ ਭਾਰ ਚੁੱਕਿਆ ਜੋ ਕਿ ਭਾਰਤ ਵਿਚ ਅੰਗਰੇਜ਼ਾਂ ਦੇ ਗੁਲਾਮਾਂ ਦੇ ਵੀ ਗੁਲਾਮ ਸਨ। ਆਦਿ- ਧਰਮ ਮੰਡਲ ਦਾ ਮੁੱਖ ਮੰਤਵ ਪੰਜਬ ਵਿਚ (ਅਛੂਤਾਂ) ਦਲਿਤਾਂ ਨੂੰ ਜਥੇਬੰਦ ਕਰਕੇ ਰਾਜਸੀ ਅਤੇ ਸਮਾਜੀ ਹੱਕ ਪ੍ਰਾਪਤ ਕੀਤੇ ਜਾਣ। ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਆਦਿ ਧਰਮ ਦੇ ਬਾਨੀ ਸਨ। ਆਦਿ-ਧਰਮ ਦੀਆਂ ਉਸ ਵੇਲੇ ਦੀਆਂ ਮੁੱਖ ਮੰਗਾਂ ਵਿਚ ਕੁਝ ਰਾਜਸੀ ਹੱਕ, ਜ਼ਮੀਨ ਸਬੰਧੀ ਅਤੇ ਸਿੱਖਿਆ ਦੇਖੇਤਰ ਵਿਚ ਦਲਿਤਾਂ ਲਈ ਸਹੂਲਤਾਂ ਪ੍ਰਾਪਤ ਕਰਨਾ ਸੀ। ਇਸ ਤੋਂ ਇਲਾਵਾ ਇਕ ਹੋਰ ਗੱਲ ਜਿਹੜੀ ਆਦਿ-ਧਰਮ ਲਹਿਰ ਵਿਚ ਉਭਰ ਕੇ ਆਈ ਕਿ ਾਦਿ-ਧਰਮੀ ਆਦਿ- ਧਰਮੀ ਹਿੰਦੂ ਨਹੀਂ। ਬਲਕਿ ਇਸ ਦੇਸ਼ ਦੇ ਸਭ ਤੋਂ ਪੁਰਾਣੇ ਅਤੇ ਆਦਿ ਵਾਸੀ ਹਨ ਅਤੇ ਇਹਨਾਂ ਦਾ ਧਰਮ ਆਦਿ-ਧਰਮ ਹੈ।

ਮੈਨੂੰ ਆਦਿ- ਧਰਮ ਲਹਿਰ ਦੇ ਬਾਰੇ ਜ਼ਿਆਦਾ ਜਾਣਕਾਰੀ ਸੁਆਮੀ ਸ਼ੁਦਰਾਨੰਦ ਜੀ ਤੋਂ ਮਿਲੀ ਜੋ ਕਾਫੀ ਸਮੇਂ ਤੱਕ ਸਾਡੇ ਪਾਸ ਰਹੇ। ਉਸ ਸਮੇਂ ਮੈਂ ਕਾਲਜ ਵਿਚ ਜਾਂਦਾ ਸੀ ਅਤੇ ਜਦ ਕਦੇ ਵੀ ਮੌਕਾ ਮਿਲਦਾ ਮੈਂ ਉਹਨਾਂ ਪਾਸੋਂ ਆਦਿ-ਧਰਮ ਲਹਿਰ ਦੀਆਂ ਸਰਗਰਮੀਆਂ ਅਤੇ ਉਸ ਵਿਚ ਲਗਨ ਦੇ ਨਾਲ ਮਿਹਨਤ ਕਰਨ ਵਾਲਿਆਂ ਬਜ਼ੁਰਗਾਂ ਦੇ ਬਾਰੇ ਪੁੱਛਿਆ ਕਰਦਾ। ਸੁਆਮੀ ਸ਼ੂਦਰਾਨੰਦ ਜੀ ਦੀ ਰਾਜਨੀਤਿਕ ਸੂਝ ਬੂਝ ਅਤੇ ਦੂਰ ਦਰਸ਼ਿਤਾ ਕਾਰਨ ਮੈਂ ਉਹਨਾਂ ਦੀ ਸ਼ਖਸੀਅਤ ਤੋਂ ਕਾਫੀ ਪ੍ਰਭਾਵਿਤ ਹੋਇਆ। ਕਿਸੇ ਵੀ ਕੌਮ ਦੀ ਤਰੱਕੀ ਲਈ ਜ਼ਰੂਰੀ ਹੈ ਕਿ ਉਸ ਵਿਚ ਇਕ ਸੁਚੇਤ ਵਰਗ ਹੋਵੇ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਦਿ ਧਰਮ ਲਹਿਰ ਦੇ ਸਮੇਂ ਕੌਮ ਦੇ ਇਸ ਤਰ੍ਹਾਂ ਦੇ ਬਜ਼ੁਰਗਾਂ ਨੇ ਇਹ ਕੰਮ ਕੀਤਾ, ਜਿਹਨਾਂ ਵਿਚ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ। ਪਰ ਉਹ ਪੜ੍ਹ-ਾਈ ਅਤੇ ਸਿੱਖਿਆ ਦੇ ਮਹੱਤਵ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਆਦਿ ਧਰਮ ਮੰਡਲ ਦਾ ਇਕ ਜਿੰਦਾ ਜਾਗਦਾ ਸਬੂਤ ਜਲੰਧਰ ਵਿਖੇ ਗੁਰੂ ਰਵਿਦਾਸ ਹਾਈ ਸਕੂਲ ਹੈ। ਜਿਸ ਨੂੰ ਅੱਜ ਵੀ ਪੁਰਾਣੇ ਬਜ਼ੁਰਗ ਧਰਮ ਮੰਡਲ ਦੇ ਨਾਂ ਨਾਲ ਪੁਕਾਰਦੇ ਹਨ। ਆਦਿ ਧਰਮ ਲਹਿਰ ਵਿਚ ਸੇਠ ਲੱਭੂ ਰਾਮ, ਸੇਠ ਸੁੰਦਰ ਦਾਸ (ਮੇਰੇ ਦਾਦਾ ਜੀ) ਸ੍ਰੀ ਕਨਿਯਾ ਲਾਲ ਆਦਿ ਬਜ਼ੁਰਗਾਂ ਦਾ ਯੋਗਦਾਨ ਵੀ ਸ਼ਲਾਘਾਯੋਗ ਹੈ।

ਮੈਨੂੰ ਆਦਿ ਧਰਮ ਲਹਿਰ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਉਸ ਵੇਲੇ ਮਿਲਿਆ ਜਦੋਂ ਮੈਂ ਪਹਿਲੀ ਵਾਰ 1972 ਈ: ਵਿਚ ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ (ਹੁਣ ਡਾ:) ਮਾਰਕ ਨੂੰ ਮਿਲਿਆ। ਪ੍ਰੋਫੈਸਰ ਮਾਰਕ ਉਦੋਂ ਪੰਜਾਬ ਯੂਨੀਵਰਸਿਟੀ ਵਿਚ ਵਿਜ਼ਿਟਿੰਗ ਪ੍ਰੋਫੈਸਰ ਦੇ ਤੌਰ ਤੇ ਆਏ ਸਨ ਪਰ ਉਹਨਾਂ ਨੇ ਆਦਿ-ਧਰਮ ਲਹਿਰ ਦੇ ਇਤਿਹਾਸ ਨੂੰ ਖੋਜਣ ਦਾ ਕੰਮ ਸ਼ੁਰੂ ਕੀਤਾ। ਪ੍ਰੋਫੈਸਰ ਮਾਰਕ ਨੇ ਜਿਸ ਢੰਗ ਅਤੇ ਲਗਨ ਦੇ ਨਾਲ ਕਈ ਵਾਰ ਭਾਰਤ ਆ ਕੇ ਇਸ ਖੋਜ ਦਾ ਕੰਮ ਪੂਰਾ ਕੀਤਾ, ਉਹ ਸ਼ਲਾਘਾਯੋਗ ਹੈ। ਮੈਂ ਵੀ ਉਹਨਾਂ ਦੇ ਨਾਲ ਕਈ ਜਗ੍ਹਾ ਗਿਆ।

ਉਹਨਾਂ ਵਿਚੋਂ ਆਦਿ-ਧਰਮ ਲਹਿਰ ਦੇ ਬਾਨੀ ਪ੍ਰਧਾਨ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨਾਲ ਉਹਨਾਂ ਦੇ ਫਾਰਮ ਗੜ੍ਹਸ਼ੰਕਰ ਤੇ ਹੋਈ ਮੁਲਾਕਾਤ ਕਾਫੀ ਦਿਲਚਸਪ ਸੀ। ਪ੍ਰੋਫੈਸਰ ਮਾਰਕ ਨੇ ਉਸ ਦਿਨ ਉਹਨਾਂ ਨੂੰ ਕਰੀਬ 3 ਘੰਟੇ ਤੱਕ ਕਈ ਸਵਾਲ ਅਤੇ ਪੁਰਾਣੀਆਂ ਯਾਦਾਂ ਦੇ ਬਾਰੇ ਪੁੱਛਿਆ। ਜਿਸ ਨੂੰ ਵਿਸਥਾਰ ਨਾਲ ਉਹਨਾਂ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ। ਜਿਸ ਵਿਚ ਪੰਜਾਬ ਦੇ ਆਦਿ-ਧਰਮੀ ਅਤੇ ਆਦਿ-ਧਰਮ ਲਹਿਰ ਤੇ ਕਈ ਪਹਿਲੂਆਂ ਤੇ ਰੌਸ਼ਨੀ ਪਾਈ ਗਈ ਹੈ। ਪੰਜਾਬ ਵਿਚ ਆਦਿ ਧਰਮ ਦੀਆਂ ਕਾਰਵਾਈਆਂ ਮੰਨੀਆਂ ਹੋਣ ਦੇ ਨਾਲ ਇਕ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ ਜਿਸ ਨੂੰ ਪੂਰਾ ਕਰਨਾ ਅੱਜ ਸਮੇਂ ਦੀ ਮੰਗ ਹੈ। ਅੱਜ ਕੰਮ ਹੀ ਆਰਥਿਕ, ਸਮਾਜਿਕ ਅਤੇ ਰਾਜਨੀਤਕਿ ਤਰੱਕੀ ਲਈ ਆਦਿ ਧਰਮ ਮੰਡਲ ਵਰਗੀ ਕਿਸੇ ਜਥੇਬੰਦੀ ਦੀ ਹੋਂਦ ਜ਼ਰੂਰੀ ਹੈ। ਜਿਸ ਦੀ ਸੇਧ ਅਸੀਂ ਆਪਣੇ ਗੁਰੂ ਰਵਿਦਾਸ, ਰਿਸ਼ੀ ਬਾਲਮੀਕੀ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਅਤੇ ਡਾ: ਅੰਬੇਦਕਰ ਆਦਿ ਮਹਾਂਪੁਰਖਾਂ ਤੋਂ ਸਿਰਫ ਇਕ ਚੰਗੀ ਅਤੇ ਸੁਚੱਜੀ ਜਥੇਬੰਦੀ ਨਾਲ ਹੀ ਅਸੀਂ ਭਾਰਤੀ ਸਮਾਜ ਵਿਚ ਆਪਣੀ ਯੋਗ ਅਤੇ ਸਹੀ ਥਾਂ ਪ੍ਰਾਪਤ ਕਰਨ ਲਈ ਸੰਘਰਸ਼ ਜਾਰੀ ਰੱਖ ਸਕਦੇ ਹਾਂ। ਇਹ ਹੀ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

(ਇਹ ਪੰਨਾ ਸੀ. ਐਲ. ਚੁੰਬਰ ਦੁਆਰਾ ਪ੍ਰਕਾਸ਼ਿਤ ਬਾਬੂ ਮੰਗ ੂਰਾਮਮੁੱਗੋਵਾਲੀਆ ਸੋਵੀਨਾਰ, 1985 ਦੇ ਧੰਨਵਾਦ ਸਹਿਤ)

# ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ



ਸੰਸਾਰ ਭਰ 'ਚ ਪਰਮ ਪਿਤਾ ਪ੍ਰਮਾਤਮਾ ਰੂਹਾਨੀ ਗਿਆਨ-ਵਿਗਿਆਨ ਦੇ ਸਿਰਜਣਹਾਰ ਜਗਤ ਗੁਰੂ, ਨਾਰੀ ਸ਼ਕਤੀ ਨੂੰ ਮਜ਼ਬੂਤ ਹੁੰਗਾਰਾ ਦੇਣ ਵਾਲੇ, ਦੁਨੀਆ ਦੇ ਪਹਿਲੇ ਕਵੀ (ਆਦਿ ਕਵੀ) ਅਸੀਮ ਸ਼ਕਤੀ ਦੇ ਮਾਲਕ, ਪ੍ਰਭੂ ਵਾਲਮੀਕਿ ਜੀ ਦੇ ਦਰਸਾਏ ਫਲਸਫੇ ਅਨੁਸਾਰ ਹੀ ਸਾਰਾ ਜਗਤ ਚੱਲਦਾ ਆ ਰਿਹਾ ਹੈ ਅਤੇ ਅਗਾਂਹ ਵੀ ਚੱਲਦਾ ਰਹੇਗਾ ਪਰ ਅਜੋਕੇ ਭੌਤਿਕਵਾਦੀ ਜੀਵਨ ਦੀ ਚਕਾਚੌਂਧ 'ਚ ਅੱਜ ਦਾ ਇਨਸਾਨ ਪਰਮ-ਅੰਦਰੂਨੀ ਆਨੰਦ ਭਾਵ ਆਤਮਿਕ ਸਕੂਨ ਤੋਂ ਵਾਂਝਾ ਹੋ ਚੁੱਕਾ ਹੈ। ਇਹੋ ਜਿਹੇ ਹਾਲਾਤ 'ਚ ਸ੍ਰਿਸ਼ਟੀਕਰਤਾ ਵਾਲਮੀਕਿ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਅਸੀਂ ਆਪਣੇ ਜੀਵਨ ਨੂੰ ਖੁਸ਼ਨੁਮਾ ਬਣਾ ਸਕਦੇ ਹਾਂ ਅਤੇ ਇਸ ਧਰਤੀ ਨੂੰ ਸਵਰਗ ਜਿਹਾ ਬਣਾ ਸਕਦੇ ਹਾਂ। ਪ੍ਰਭੂ ਵਾਲਮੀਕਿ ਜੀ ਦੀ ਰਚੀ ਬਾਣੀ ਦਾ ਹਰ ਇਕ ਸ਼ਲੋਕ ਅਥਾਹ ਗਿਆਨ ਦਰਸਾਉਂਦਾ ਹੈ। ਜੇਕਰ ਅੱਜ ਦੇ ਗਤੀਸ਼ੀਲ ਜੀਵਨ 'ਚ ਮਾਤਾ ਸੀਤਾ ਦੀ ਪੱਤ ਰੱਖਣਹਾਰ ਕਮਲੇਸ਼ਵਰ ਵਾਲਮੀਕਿ ਦੇ ਉਪਦੇਸ਼ਾਂ ਨੂੰ ਮਨ ਕੇ ਅਮਲੀ ਤੌਰ 'ਤੇ ਆਪਣੇ ਜੀਵਨ 'ਚ ਢਾਲਣ ਦਾ ਯਤਨ ਕਰੀਏ ਤਾਂ ਹੀ ਪਰਮ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ। ਧਰਮ ਕੀ ਹੈ ,ਪ੍ਰਭੂ ਵਾਲਮੀਕਿ ਜੀ ਨੇ ਸੰਸਾਰ ਨੂੰ ਧਰਮ ਦਾ ਅਰਥ ਕਰਮ, ਨਿਆਂ, ਫਰਜ਼ ਅਤੇ ਮਜ਼ੂਬ ਦੱਸਿਆ ਹੈ। ਅੱਜ ਦੇ ਆਦਮੀ ਨੇ ਧਰਮ ਨੂੰ ਆਡੰਬਰ ਦਾ ਰੂਪ ਦੇ ਦਿੱਤਾ ਹੈ, ਜਿਸ ਕਰਕੇ ਲੋਕ ਧਰਮ ਦੇ ਰਾਹ 'ਤੇ ਜਾਣ ਦੀ ਬਜਾਏ ਭਰਮ ਕੰਡਿਆਂ ਭਰੇ ਰਸਤੇ 'ਤੇ ਚੱਲ ਕੇ ਆਪਣੇ ਜੀਵਨ ਨੂੰ ਨਰਕ ਬਣਾਈ ਜਾ ਰਹੇ ਹਨ। ਜਿਹੜੇ ਲੋਕ ਨਿਆਂ ਪਸੰਦ ਹੋਣ, ਆਪਣਾ ਫਰਜ਼ ਸਮਝ ਕੇ ਵਧੀਆ ਕਰਮ ਕਰਦੇ ਹਨ ਉਹੀ ਧਰਮ ਦੇ ਪੱਕੇ ਪਹਿਰੇਦਾਰ ਹੁੰਦੇ ਹਨ। ਪ੍ਰਮਾਤਮਾ ਵਾਲਮੀਕਿ ਜੀ ਨੇ ਸੱਚ ਨੂੰ ਪਰਮ ਧਰਮ ਮੰਨਿਆ ਹੈ, ਜਿਹੜਾ ਇਨਸਾਨ ਸੱਚ ਦੀ ਰਾਹ 'ਤੇ ਚੱਲਦਾ ਹੈ। ਮੁਸ਼ਕਿਲ ਸਮਾਂ ਆਉਣ 'ਤੇ ਡੋਲਦਾ ਨਹੀਂ, ਸਗੋਂ ਮਜ਼ਬੂਤੀ ਨਾਲ ਸੱਚ ਨਾਲ ਜੁੜਦਾ ਹੈ। ਇਹੋ ਜਿਹਾ ਵਿਅਕਤੀ ਹੀ ਧਾਰਮਿਕ ਸੋਚ ਦਾ ਮਾਲਕ ਹੋ ਸਕਦਾ ਹੈ ਅਤੇ ਝੂਠੇ ਲੋਕ ਇਸ ਦਾ ਕਦੇ ਵੀ ਕੋਈ ਨੁਕਸਾਨ ਨਹੀਂ ਕਰ ਸਕਦੇ। ਜਣਨੀ ਅਤੇ ਜਨਮ ਭੂਮੀ ਸਵਰਗ ਤੋਂ ਉੱਤਮ ਹੈ : ਵਿਸ਼ਵੇਸ਼ਵਰ ਵਾਲਮੀਕਿ ਜੀ ਨੇ ਜਣਨੀ ਤੇ ਜਨਮ ਭੂਮੀ ਨੂੰ ਸਵਰਗ ਤੋਂ ਵੀ ਉਤਮ ਦਰਜਾ ਦਿੱਤਾ ਹੈ। ਭਾਵ ਕਿ ਜਿਸ ਮਾਂ ਨੇ ਸਾਨੂੰ ਜਨਮ ਦੇ ਕੇ ਆਪਣੀ ਮਮਤਾ ਸਦਕਾ ਰੱਬ ਵਰਗਾ ਪਿਆਰ ਦਿੱਤਾ ਅਤੇ ਜਿਸ ਧਰਤੀ 'ਤੇ ਜਨਮ ਲਿਆ ਹੈ, ਸਾਡੇ ਵਾਸਤੇ ਇਹੀ ਸਵਰਗ ਤੋਂ ਵਧੀਆ ਹੈ। ਇਨਸਾਨ ਨੂੰ ਚਾਹੀਦਾ ਹੈ ਕਿ ਚੰਗਾ ਗਿਆਨ ਹਾਸਲ ਕਰਕੇ ਲੋਕਾਂ 'ਚ ਇਸ ਦਾ ਵਿਸਤਾਰ ਕਰਦੇ ਹੋਏ ਸੇਵਾ-ਭਾਵਨਾ ਨਾਲ ਪ੍ਰੇਮ ਵੰਡਦੇ ਭਾਈਚਾਰਾ ਕਾਇਮ ਕਰਕੇ ਇਸ ਧਰਤੀ ਨੂੰ ਸੱਚਮੁਚ ਹੀ ਸਵਰਗ ਬਣਾ ਦੇਵੇ।

ਸੰਸਾਰ ਦਾ ਮੂਲ ਆਧਾਰ ਗਿਆਨ ਹੀ ਹੈ ਪ੍ਰਭੂ ਵਾਲਮੀਕਿ ਜੀ ਦੇ ਉਪਦੇਸ਼ਾਂ ਅਨੁਸਾਰ ਸਾਰੀ ਦੁਨੀਆ ਦੀ ਨੀਂਹ ਗਿਆਨ 'ਤੇ ਹੀ ਖੜ੍ਹੀ ਹੈ। ਜਿਹੜਾ ਆਦਮੀ, ਸਮਾਜ, ਦੇਸ਼ ਬਾਰੇ ਜਿੰਨਾ ਗਿਆਨਵਾਨ ਹੋਵੇਗਾ, ਓਨਾ ਹੀ ਉਸ ਦਾ ਵਿਕਾਸ ਹੁੰਦਾ ਹੈ। ਭਾਵ ਜਿਸ ਦੇਸ਼ ਵਿਚ ਗਿਆਨ-ਵਿਗਿਆਨ ਨੇ ਪਸਾਰਾ ਕੀਤਾ ਉੱਥੇ ਵਿਕਾਸ ਵੀ ਬਹੁਤ ਹੋਇਆ। ਜਿਸ ਦੇਸ਼ 'ਚ ਅਗਿਆਨਤਾ, ਅਨਪੜ੍ਹਤਾ ਦਾ ਹਨੇਰਾ ਛਾਇਆ ਹੋਇਆ ਹੈ ਉਥੇ ਭੁੱਖਮਰੀ , ਸ਼ੋਸ਼ਣ, ਧੱਕਾ ਅਤੇ ਹੋਰ ਕਈ ਤਰ੍ਹਾਂ ਦੀਆਂ ਕਮੀਆਂ-ਖਾਮੀਆਂ ਮੁਸ਼ਕਿਲਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਭਗਵਾਨ ਵਾਲਮੀਕਿ ਦੇ ਉਪਦੇਸ਼ਾਂ ਮੁਤ-ਾਬਿਕ ਗਿਆਨਵਾਨ ਇਨਸਾਨ ਹੀ ਖੁਸ਼ਹਾਲ ਜੀਵਨ ਦਾ ਆਨੰਦ ਮਾਣਦਾ ਹੈ। ਇਸ ਲਈ ਸਭਨਾਂ ਨੂੰ ਗਿਆਨਵਾਨ ਬਣਨਾ ਚਾਹੀਦਾ ਹੈ। ਪੁਰਸ਼ਾਰਥ- ਸ੍ਰਿਸ਼ਟੀਕਰਤਾ ਵਾਲਮੀਕਿ ਦਯਾਵਾਨ ਜੀ ਨੇ ਭਾਗਾਂ ਦੇ ਸਹਾਰੇ ਰਹਿਣ ਵਾਲੇ ਨੂੰ ਕਮਜ਼ੋਰ ਅਤੇ ਡਰਪੋਕ ਕਹਿ ਕੇ ਨਿੰਦਾ ਕੀਤੀ ਹੈ। ਮਿਹਨਤ ਕਰਨ ਵਾਲਾ ਵਿਅਕਤੀ ਸਾਰੇ ਕੰਮਾਂ 'ਚ ਸਫਲ ਹੋ ਜਾਂਦਾ ਹੈ। ਆਦਮੀ ਲਗਨ ਅਤੇ ਹੌਸਲੇ ਨਾਲ ਮਿਹਨਤ ਕਰਦਾ ਹੈ ਅਤੇ ਜਲਦੀ ਹੀ ਸਫਲ ਵੀ ਹੋ ਜਾਂਦਾ ਹੈ। ਹਿੰਮਤ ਤੋਂ ਵੱਧ ਕੇ ਹੋਰ ਕੋਈ ਸ਼ਕਤੀ ਨਹੀਂ ਹੈ। ਆਦਮੀ ਲਈ ਦੁਨੀਆ 'ਚ ਕੋਈ ਵੀ ਵਸਤੂ ਦੁਰਲੱਭ ਨਹੀਂ ਹੈ। ਮਿਹਨਤ ਦੇ ਨਾਲ ਉਹ ਸਭ ਕੁਝ ਪ੍ਰਾਪਤ ਕਰ ਸਕਦਾ ਹੈ। ਪੁਰਸ਼ਾਰਥ ਦੀ ਪ੍ਰਾਪਤੀ ਲਈ ਚਿੱਤ ਦੀ ਇਕਾਗਰਤਾ, ਮਨ ਦੀ ਪ੍ਰਸੰਨਤਾ ਅਤੇ ਗਿਆਨ ਵਿਚ ਵਾਧਾ ਅਤੇ ਸ਼ਕਤੀ ਨੂੰ ਇੱਕਠਾ ਕਰਨਾ ਅਤਿ ਜ਼ਰੂਰੀ ਹੈ। 'ਪੁਰਸ਼ਾਰਥ ਹੀ ਦੇਵ ਹੈ' ਸਮੁੱਚੇ ਸਮਾਜ ਦੇ ਵਿਕਾਸ ਲਈ ਇਹੋ ਹੀ ਇਕੋ-ਇਕ ਮੂਲ ਮੰਤਰ ਹੈ। ਕਰਮ ਵਿਚ ਲਗਾਤਾਰ ਲੱਗੇ ਰਹਿਣ ਨਾਲ ਉਸ ਦਾ ਫਲ ਜ਼ਰੂਰ ਪ੍ਰਾਪਤ ਹੁੰਦਾ ਹੈ। ਇਸ ਲਈ ਦੁਖੀ ਹੋ ਕੇ ਹਿੰਮਤ ਹਾਰਨਾ ਠੀਕ ਨਹੀਂ ਹੈ। ਉਤਸ਼ਾਹ ਸਾਰੇ ਧਨ-ਦੌਲਤ ਦੀ ਜੜ੍ਹ ਹੈ ਤੇ ਉਤਸ਼ਾਹ ਹੀ ਸਾਰੇ ਸੁੱਖਾਂ ਦੀ ਜੜ੍ਹ ਹੈ। ਸੰਸਾਰ ਦੇ ਸਾਰੇ ਲੋਕਾਂ 'ਤੇ ਮੁਸ਼ਕਿਲਾਂ ਆਉਂਦੀਆਂ ਹਨ ਅਤੇ ਅੱਗ ਦੀ ਤਰ੍ਹਾਂ ਇਕ ਪਲ ਛੂਹ ਕੇ ਦੂਜੇ ਪਲ ਦੂਰ ਚਲੀਆਂ ਜਾਂਦੀਆਂ ਹਨ। ਇਸ ਲਈ ਸਾਨੂੰ ਧੀਰਜ ਰੱਖਣਾ ਚਾਹੀਦਾ ਹੈ। ਸਮੇਂ ਦੇ ਅਨੁਸਾਰ ਜੋ ਵੀ ਚੰਗਾ-ਮਾੜਾ ਸੁੱਖ-ਦੁੱਖ ਦੀ ਘੜੀ ਆਵੇ ਉਸ ਨੂੰ ਸਹਿਣ ਕਰਨਾ ਚਾਹੀਦਾ ਹੈ।ਪਰਮ ਪਿਤਾ ਪਰਮਾਤਮਾ ਵਾਲਮੀਕਿ ਜੀ ਨੇ ਆਦਿ ਕਾਵਿ ਰਾਮਾਇਣ ਅਤੇ ਪਾਵਨ ਵਾਲਮੀਕਿ ਯੋਗ ਵਿਸ਼ਿਸ਼ਟ ਆਦਿ ਗ੍ਰੰਥਾਂ ਦੀ ਰਚਨਾ ਕਰਕੇ ਪੂਰੇ ਜਗਤ ਨੂੰ ਰੂਹਾਨੀਅਤ ਦਾ ਗਿਆਨ, ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਇਨਸਾਨੀ ਜੀਵਨ ਦੇ ਹਰ ਇਕ ਪਹਿਲੂਆਂ ਤੇ ਅਨੇਕਾਂ ਉਪਦੇਸ਼ਾਂ ਰਾਹੀਂ ਰੌਸ਼ਨੀ ਪਾਈ ਹੈ। ਇਨ੍ਹਾਂ ਉਪਦੇਸ਼ਾਂ ਸਦਕਾ ਹੀ ਅੱਜ ਦੁਨੀਆ ਅੰਦਰ ਜਦੋਂ ਕਿਤੇ ਧਰਮ, ਕਰਮ, ਗਿਆਨ, ਆਤਮਾ-ਪ੍ਰਮਾਤਮਾ ਦਾ ਮੇਲ ਅਤੇ ਹੋਰ ਇਨਸਾਨੀਅਤ ਨਾਲ ਜੁੜੇ ਵਿਸ਼ਿਆਂ 'ਤੇ ਚਰਚਾ ਹੁੰਦੀ ਹੈ ਤਾਂ ਸ੍ਰਿਸ਼ਟੀਕਰਤਾ ਵਾਲਮੀਕਿ ਦਯਾਵਾਨ ਜੀ ਵਲੋਂ ਦਰਸਾਏ ਉਪਦੇਸ਼ਾਂ ਦੀਆਂ ਹੀ ਉਦਾਹਰਣਾਂ ਅਤੇ ਵਿਆਖਿਆਵਾਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਸਿਲਸਿਲਾ ਰਹਿੰਦੀ ਦੁਨੀਆ ਤਕ ਇੰਝ ਹੀ ਚੱਲਦਾ ਰਹੇਗਾ।

—ਰਾਜ ਆਦਿਵੰਸ਼ੀ

ਬਾਨੀ : ਕਮਲੇਸ਼ਵਰ ਵਾਲਮੀਕਿ ਐਜੂਕੇਸ਼ਨਲ ਟਰੱਸਟ (ਰਜਿ.) ਭਾਰਤ

# ਅਸ਼ੋਕ ਵਿਜੈ ਦਸ਼ਮੀ ਮਹਾਂਉਤਸਵ ਮੌਕੇ ਬੁੱਧੀਜੀਵੀਆਂ ਵਲੋਂ ਡਾ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਪ੍ਰਚੰਡ ਕਰਨ ਦਾ ਸੱਦਾ

ਮਾਹਿਲਪੁਰ ( ਸ਼ਿਵ ਕੁਮਾਰ ਬਾਵਾ)- ਬੀਤੇ ਦਿਨੀਂ ਮਾਹਿਲਪੁਰ ਵਿਖੇ ਅਸ਼ੋਕ ਵਿਜੇ ਦਸ਼ਮੀ ਮਹਾਂ ਉਤਸਵ ਵਿਸ਼ਵ ਬੋਧ ਸੰਘ ਪੰਜਾਬ, ਡਾ ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਡਾ ਅੰਬੇਡਕਰ ਸੈਨਾ ਪੰਜਾਬ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਵਲੋਂ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਭੂੰਨੋਂ ਅਤੇ ਰਵੀ ਬੁੱਧ ਬਿਲਾਸਪੁਰ ਦੀ ਅਗਵਾਈ ਵਿੱਚ ਬੜੇ ਧੂਮ ਧੜੱਕੇ ਨਾਲ ਮਨਾਇਆ ਗਿਆ। ਇਸ ਮਹਾਂ ਉਤਸਵ ਵਿੱਚ ਜਿਥੇ ਸਮੁੱਚੇ ਬਹੁਜਨ ਸਮਾਜ ਦੇ ਲੋਕਾਂ ਵਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ ਉਥੇ ਮਹਾਨ ਬੁੱਧੀਜੀਵੀਆਂ ਵਲੋਂ ਆਪਣੇ ਸੰਬੋਧਨ ਵਿਚ ਡਾਕਟਰ ਅੰ-ਬੇਡਕਰ ਸਾਹਿਬ ਜੀ ਵਿਚਾਰਧਾਰਾ ਨੂੰ ਅਪਣਾਉਂਣ ਅਤੇ ਉਹਨਾਂ ਵਲੋਂ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਪ੍ਰਣ ਲਿਆ। ਇਸ ਮਹਾਂ ਉਤਸਵ ਦੇ ਮੁੱਖ ਮਹਿਮਾਨ ਵਜੋਂ ਡੀ ਐਸ ਪੀ ਕੁਲਵੰਤ ਸਿੰਘ ਰੰਧਾਵਾ ਅਤੇ ਇਸਪੈਕਟਰ ਸੀਤਲ ਸਿੰਘ ਚੱਬੇਵਾਲ ਸ਼ਾਮਿਲ ਹੋਏ ਜਦਕਿ ਪ੍ਰਧਾਨਗੀ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ ਸੁਰਜੀਤ ਸਿੰਘ ਰੰਧਾਵਾ , ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਪਵਨ ਬੈਂਸ ਆਦਿ ਨੇ ਕੀਤੀ।

ਇਸ ਮੌਕੇ ਦਲਿਤ ਸਮਾਜ ਦੇ ਉਘੇ ਬੁਲਾਰੇ ਸ੍ਰੀ ਦਇਆ ਰਾਮ ਨੇ ਆਪਣੇ ਸੰਬੋਧਨ ਵਿੱਚ ਅਖਿਆ ਕਿ ਸਾਨੂੰ ਡਾਕਟਰ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਕੁਚਲਣ ਵਾਲੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਭਾਜਪਾ, ਆਰ ਆਰ ਐਸ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨੇ ਦਲਿਤ ਸਮਾਜ ਨੂੰ ਚੋਣਾ ਮੌਕੇ ਆਪਣੇ ਹੱਕ ਵਿੱਚ ਭੁਗਤਾਉਂਣ ਲਈ ਕਈ ਅਜਿਹੇ ਲੋਕਾਂ ਨੂੰ ਅਹੁੱਦੇ ਦਿੱਤੇ ਹੋਏ ਹਨ ਪ੍ਰੰਤੂ ਉਹਨਾਂ ਅਹੁਦਿਆਂ ਤੇ ਬੈਠੇ ਸਾਡੇ ਹੀ ਸਮਾਜ ਦੇ ਲੋਕ ਆਪਣੇ ਸਮਾਜ ਦੇ ਹਿੱਤਾਂ ਦੀ ਕਦੇ ਗੱਲ ਨਹੀਂ ਕਰਦੇ। ਉਹਨਾਂ ਦਲਿਤਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਖਰੀਦਦਾਰ ਲੋਕਾਂ ਨੂੰ ਆਪਣੇ ਸਮਾਜ ਨੂੰ ਵੇਚਣ ਵਾਲੇ ਲੋਕਾਂ ਦਾ ਵੋਟਾਂ ਦੇ ਦਿਨਾਂ ਵਿੱਚ ਵਿਰੋਧ ਵਿੱਚ ਭੁਗਤੇ ਮੂੰਹ ਤੋੜ ਜ਼ਵਾਬ ਦੇਣ। ਉਹਨਾਂ ਕਿਹਾ ਕਿ ਡਾ ਅੰਬੇਡਕਰ ਸਾਹਿਬ ਹੁਰਾਂ ਸੰਵਿਧਾਨ ਲਿਖਣ ਸਮੇਂ ਹਰਇਕ ਵਰਗ ਲਈ ਨਿਰਪੱਖ ਵਿਚਾਰ ਪੇਸ਼ ਕਰਕੇ ਸਰਿਆਂ ਵਰਗਾਂ ਨੂੰ ਬਰਾਬਰਤਾ ਦਿੱਤੀ ਪ੍ਰੰਤੂ ਕੁੱਝ ਸੋੜੀ ਸੋਚ ਦੇ ਧਾਰਨੀ ਲੋਕ ਅੱਜ ਕੱਲ੍ਹ ਉਹਨਾਂ ਦੇ ਲਿਖੇ ਹੋਏ ਵਿਚਾਰਾਂ ਵਿੱਚ ਵਾਰ ਵਾਰ ਸੋਧਾਂ ਦੇ ਨਾਮ ਹੇਠ ਸਾਡੇ ਸਮਾਜ ਦੇ ਲੋਕਾਂ ਨੂੰ ਅਣਗੋਲਿਆਂ ਕਰ ਰਹੇ ਹਨ। ਉਹਨਾਂ ਕਿਹਾ ਕਿ ਦੇਸ਼ ਤੇ ਲੰਬਾ ਸਮਾਂ ਕਾਂਗਰਸ ਨੇ ਰਾਜ ਕੀਤਾ ਪ੍ਰੰਤੂ ਕਾਂਗਰਸ ਪਾਰਟੀ ਵਰਗੇ ਆਗੂਆਂ ਨੇ ਸੱਤਾ ਤੇ ਕਾਬਜ ਹੋ ਕੇ ਕੀ ਦਿੱਤਾ ਅਤੇ ਸਾਡੇ ਸਮਾਜ ਦਾ ਕੀ ਸੁਧਾਰ ਕੀਤਾ ਹੈ।

ਇਸੇ ਤਰ੍ਹਾਂ ਦੀ ਹਾਲਤ ਭਾਜਪਾ ਅਤੇ ਅਕਾਲੀ ਦਲ ਵਿੱਚ ਚੁਣੇ ਗਏ ਵਿਧਾਇਕਾਂ, ਮੰਤਰੀਆਂ ਅਤੇ ਲੋਕ ਸਭਾ ਮੈਂਬਰਾਂ ਦੀ ਬਣੀ ਹੋਈ ਹੈ ਜੋ ਆਪਣੇ ਪਾਰਟੀ ਪ੍ਰਧਾਨ ਤੱਕ




ਵਿੱਚ ਬੈਠੇ ਦਲਿਤ ਵਿਰੋਧੀ ਆਗੂਆਂ ਨੇ ਆਪਣੇ ਬਰਾਬਰ ਬੈਠੇ ਦਲਿਤ ਆਗੂਆਂ ਸਾਹਮਣੇ ਹੀ ਡਾਕਟਰ ਸਾਹਿਬ ਦੀ ਵਿਚਾਰਧਾਰਾ ਨੂੰ ਕੁਚਲਿਆ ਪ੍ਰੰਤੂ ਉਹ ਆਪਣੇ ਮੂੰਹ ਬੰਦ ਕਰਕੇ ਬੈਠੇ ਰਹਿੰਦੇ ਹਨ। ਉਹਨਾਂ ਕਿਹਾ ਕਿ ਸਾਨੂੰ ਗੂੰਗੇ ਬੋਲੇ ਦਲਿਤ ਆਗੂ ਚੁਣਕੇ ਵਿਧਾਨ ਅਤੇ ਲੋਕ ਸਭਾਵਾਂ ਵਿੱਚ ਨਹੀਂ ਭੇਜਣੇ ਚਾਹੀਦੇ ਜੋ ਸਾਡੇ ਲੋਕਾਂ ਨੂੰ ਗੁੰਮਰਾਹ ਕਰਕੇ ਖੁਦ ਆਪਣੀਆਂ ਜੇਬਾਂ ਭਰਦੇ ਹਨ।

ਇਸ ਮੌਕੇ ਬੀਬੀ ਨਿਰਮਲ ਕੌਰ ਬੱਧਣ ਨੇ ਆਖਿਆ ਕਿ ਸਾਨੂੰ ਚੋਣਾ ਵਿੱਚ ਢਿੱਲੇ ਚਮਾਰ ਚੁਣਕੇ ਡਾਕਟਰ ਸਾਹਿਬ ਅਤੇ ਬਾਬੂ ਕਾਂਸ਼ੀ ਰਾਮ ਵਲੋਂ ਅਰੰਭੇ ਸੰਘਰਸ਼ ਦਾ ਸੱਤਿਆਨਾਸ ਨਹੀਂ ਕਰਨਾ ਚਾਹੀਦਾ। ਉਹਨਾਂ ਕਿਹਾ ਕਿ ਸਾਨੂੰ ਕਾਂਗਰਸ ਵਿੱਚ ਵੇਚਣ ਵਾਲੇ ਚੌਧਰੀ ਜਗਜੀਤ ਸਿੰਘ, ਸੰਤੋਖ ਸਿੰਘ , ਬੀਬੀ ਸੰਤੋਸ਼ ਚੌਧਰੀ ਅਤੇ ਸ਼ਮਸ਼ੇਰ ਸਿੰਘ ਦੂੱਲੋਂ ਨੂੰ ਮਿਲ ਵੀ ਨਹੀਂ ਸਕਦੇ ਫਿਰ ਅਜਿਹੇ ਆਗੂਆਂ ਨੇ ਸਾਡੇ ਸਮਾਜ ਦੀ ਗੱਲ ਤਾਂ ਕੀ ਕਰਨੀ ਹੈ। ਉਹਨਾਂ ਠੋਕ ਕੇ ਕਿਹਾ ਕਿ ਜੇ ਕਿਸੇ ਵੀ ਅਕਾਲੀ ਚਮਾਰ ਆਗੂ ਵਿੱਚ ਹਿੰਮਤ ਹੈ ਤਾਂ ਉਹ ਕੱਲ੍ਹ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਹ ਕਹਿਕੇ ਦਿਖਾ ਦੇਵੇ ਕਿ ਤੁਹਾਡੇ ਕੋਲ ਦੋ ਅਹੁੱਦੇ ਹਨ ਕਿਰਪਾ ਕਰਕੇ ਪਾਰਟੀ ਦੀ ਪ੍ਰਧਾਨਗੀ ਕਿਸੇ ਦਲਿਤ ਆਗੂ ਨੂੰ ਦੇ ਦਿੱਤੀ ਜਾਵੇ । ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਦਲਿਤ ਆਗੂਆਂ ਦਾ ਠੋਕਵਾਂ ਵਿਰੋਧ ਕਰਨ ਜੋ ਚੋਣਾਂ ਸਮੇਂ ਸਾਡੇਹੀ ਸਮਾਜ ਦੇ ਲੋਕਾਂ ਨੂੰ ਵੇਚਕੇ ਆਪਣੀਆਂ ਗੋਗੜਾਂ ਭਰ ਰਹੇ ਹਨ ਅਤੇ ਸਮਾਜ ਦਾ ਕੋਈ ਸੁਧਾਰ ਨਹੀਂ ਕਰ ਰਹੇ। ਇਸ ਮੌਕੇ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਕਲਾਕਾਰਾਂ ਵਲੋਂ ਨਿਰਦੇਸ਼ਕ ਮੱਖਣ ਕ੍ਰਾਂਤੀ ਦੀ ਅਗਵਾਈ ਵਿੱਚ ਦੋ ਨਾਟਕ ਉਪੇਰਾ ਅਤੇ ਧੀ ਦੀ ਪੁਕਾਰ ਖੇਡਕੇ ਦਲਿਤ ਸਮਾਜ ਅਤੇ ਅਜੋਕੇ ਸਮੇਂ ਵਿੱਚ ਵੱਧ ਰਹੀਆਂ ਭਰੂਣ ਹੱਤਿਆਵਾਂ ਤੇ ਆਪਣੀ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ ਦਰਸ਼ਕਾਂ ਦੇ ਰੌਂਗਟੇ ਖੜ੍ਹੇ ਕਰਕੇ ਰੱਖ ਦਿੱਤੇ। ਮਿਸ਼ਨਰੀ ਗਾਇਕਾ ਬੀਬੀ ਨੀਲਮ ਠੱਕਰਵਾਲ ਵਲੋਂ ਦਰਜਨ ਦੇ ਕਰੀਬ ਗੀਤਾਂ ਨਾਲ ਹਾਜਰ ਲੋਕਾਂ ਨੂੰ ਡਾ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੀ ਵਿਚਾਰਧਾਰਾ ਨਾਲ ਜੋੜਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਹਰਵਿੰਦਰ ਸਿੰਘ ਕਾਲੇਵਾਲ ਭਗਤਾਂ, ਹਰਵਿੰਦਰ ਹੀਰਾ, ਡਾ ਕੁਲਵਿੰਦਰ ਕੁਮਾਰ ਜੰਡੋਲੀ, ਵਿਜੇ ਨੀਤਪੁਰ, ਸੁਖਵਿੰਦਰ ਸਿੰਘ ਸੋਨੂੰ, ਸਰਪੰਚ ਸੁਖਵਿੰਦਰ ਸਿੰਘ ਮੁੱਗੋਵਾਲ, ਦੇਵ ਲਾਲ ਸੁਮਨ, ਨਿਰਮਲ ਬੋਧ, ਜਸਵੀਰ ਸਿੰਘ ਬੰਗੜ, ਗੁਰਚਰਨ ਲਾਲ, ਬਲਜਿੰਦਰ ਮਾਨ, ਹਰਦੀਪ ਸਿੰਘ ਰੂਪੋਵਾਲ ਚੰਡੀਗੜ੍ਹ, ਸੋਹਣ ਸਹਿਜਲ, ਪ੍ਰੀਤ ਨੀਤਪੁਰ, ਸ਼ਿਵ ਕੁਮਾਰ ਬਾਵਾ, ਕਿਸ਼ਨ ਭਾਟੀਆ, ਚਮਨ ਲਾਲ ਟੂਟੋਮਜਾਰਾ, ਚਮਨ ਲਾਲ ਖੇੜਾ, ਐਡਵੋਕੇਟ ਰਣਜੀਤ ਕੁਮਾਰ, ਜਸਵੀਰ ਬੇਗਮਪੁਰੀ, ਇੰਜੀਨੀਅਰ ਬਲਦੇਵ ਚੰਦ ਬੋਧ, ਸੁਰਿੰਦਰ ਕੁਮਾਰ, ਚਮਨ ਲਾਲ ਸੂਢ, ਅਮਰਜੀਤ ਸਿੰਘ ਸੰਧੀ, ਭੰਤੇ ਧੰਮ ਨਾਗਪੁਰਵਾਲੇ , ਭੰਤੇ ਜਗਤਾ ਨੰਦ ਫਿਲੌਰ, ਭੰਤੇ ਸੰਘ ਪ੍ਰਿਆ,ਕੁਲਦੀਪ ਭੱਟੀ, ਬਲਦੇਵ ਚੰਦ, ਬਖਸ਼ੀ ਰਾਮ, ਐਡਵੋਕੇਟ ਜਸਵੰਤ ਤੂਰ,ਦੀਨ ਦਿਆਲ, ਸੁਰਿੰਦਰ ਸਿੰਘ ਧੈਂਗੜਪੁਰ ਗੁਲਵੰਤ ਰਾਏ,ਹਰਬੰਸ ਲਾਲ ਚਣਕੋਆ, ਬੀ ਆਰ ਸਾਂਪਲਾ, ਸੋਹਣ ਲਾਲ ਬਸਰਾ ਆਦਿ ਸ਼ਖਸ਼ੀਅਤਾਂ ਵੀ ਹਾਜ਼ਰ ਸਨ।

ਸਮੁੱਚੇ ਸਮਾਗਮ ਦੇ ਸਟੇਜ ਸੰਚਾਲਨ ਦੇ ਫਰਜ ਨਿਰਮਲ ਮੁਗੋਵਾਲੀਆ ਵਲੋਂ ਬਾਖੂਬੀ ਨਿਭਾਏ ਗਏ। ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੁਲਵੰਤ ਭੂਨੂੰ ਨੇ ਕੀਤਾ। ਇਸ ਮੌਕੇ ਸਮਾਗਮ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਕਰਵਾਈ ਗਈ ਵੱਡੇ ਪੱਧਰ ਤੇ ਤਰੱਕੀ ਬਦਲੇ ਅਤੇ ਇਲਾਕੇ ਵਿੱਚ ਲੁੱਟ ਖੋਹ ਅਤੇ ਨਸ਼ੇ ਦੇ ਤਸਕਰਾਂ ਵਿਰੁੱਧ ਸਖਤੀ ਵਰਤਣ ਬਦਲੇ ਕ੍ਰਮਵਾਰ ਪ੍ਰਿੰਸੀਪਲ ਡਾ ਸੁਰਜੀਤ ਸਿੰਘ ਰੰਧਾਵਾ ਅਤੇ ਡੀ ਐਸ ਪੀ ਕੁਲਵੰਤ ਸਿੰਘ ਰੰਧਾਵਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

# "ਚੋਆਇਸ ਟੂ ਲਿਵ ਐਂਡ ਡਾਈ ਫਾਰ"- ਸਰਹੱਦਾਂ ਉਲੰਘਦੀ ਪਿਆਰ ਕਹਾਣੀ

ਸਬੱਬੀਂ ਸਹਿਜ ਹੀ ਐਮੀ ਨੂੰ ਇੱਧਰ-ਉਧਰ ਘੁੰਮਦਿਆਂ ਮਿਲ ਗਿਆ। ਐਮੀ ਦੀ ਇਕ ਬੱਚੀ ਹੁੰਦੀ ਹੈ, ਜਿਸ ਦੀ ਉਮਰ 8 ਸਾਲ ਦੇ ਕਰੀਬ ਹੈ ਤੇ ਉਸ ਦਾ ਨਾਂ ਐਂਡੀ ਹੈ। ਹਾਲਾਤ ਤੋਂ ਮਜਬੂਰ ਜਿਊਂਦਿਆਂ ਰਹਿਣ ਲਈ ਸੜਕਾਂ ਕੱਛਦੀ ਹੋਈ ਸਰੀਰਕ ਪੇਸ਼ੇ ਵਿਚ ਪੈ ਜਾਂਦੀ ਹੈ। ਉਹ ਦਲਾਲ ਦੇ ਚੁੰਗਲ ਵਿਚ ਫਸ ਜਾਂਦੀ ਹੈ। ਅਜੇ ਉਸ ਨੂੰ ਬਚਾਉਂਦਾ ਹੈ ਤੇ ਦੋਸਤੀ ਦਾ ਹੱਥ ਵਧਾਉਂਦਾ ਹੈ ਜੋ ਹੌਲੀ-ਹੌਲੀ ਪਿਆਰ ਦੇ ਰਿਸ਼ਤੇ ਵਿਚ ਬਦਲ ਜਾਂਦਾ ਹੈ। ਅਜੇ ਐਮੀ ਨੂੰ ਹੀ ਪਿਆਰ ਕਰਨਾ ਸ਼ੁਰੂ ਨਹੀਂ ਕਰਦਾ ਸਗੋਂ ਉਸ ਦੀ ਧੀ ਦੀ ਵੀ ਮਦਦ ਕਰਦਾ ਹੈ।

ਫਿਲਮ ਦੀ ਕਹਾਣੀ ਅਜੇ ਤੇ ਐਮੀ ਦੁਆਲੇ ਘੁੰਮਦੀ ਹੈ। ਉਹਨਾਂ ਦੀ ਸਭਿਆਚਾਰਕ ਇੱਕਤਾ ਤੇ ਏਕਤਾ, ਇਕ-ਦੂਜੇ ਦੀਆਂ ਚੰਗੀਆਂ ਨਾ ਲੱਗਣ ਵਾਲੀਆਂ ਗੱਲਾਂ ਬਾਰੇ ਰਜ਼ਾਮੰਦੀ ਕਰ ਲੈਣੀ ਤੇ ਪਰਿਵਾਰਕ ਸਬੰਧਾਂ ਅਤੇ ਭਾਵਨਾਵਾਂ ਦੀ ਕਦਰ ਕਰਨੀ ਫਿਲਮ ਦੀ ਵਿਲੱਖਣਤਾ ਨੂੰ ਉਜਾਗਰ ਕਰਦੇ ਪ੍ਰਮੁੱਖ ਗੁਣ ਹਨ। ਸਾਰਾ ਕੁਝ ਇਕ-ਦੂਜੇ ਉਤੇ ਨਿਛਾਵਰ ਕਰਨ ਦੀ ਭਾਵਨਾ ਉਹਨਾਂ ਨੂੰ ਸੁਰੱਖਿਆ ਤੇ ਸਮਰਥਨ ਦਿੰਦੀ ਹੈ। 'ਚੋਆਇਸ ਟੂ ਲਿਵ ਐਂਡ ਡਾਈ ਫਾਰ' ਜ਼ਿੰਦਗੀ ਦੇ ਉਤਾਰ-ਚੜ੍ਹਾਅ, ਬੇਯਕੀਨੀ, ਸ਼ਰਤ ਰਹਿਤ ਪਿਆਰ, ਸਵੈ-ਸਮਰਪਣ, ਇਕ ਦੂਜੇ ਨੂੰ ਮਾਫ ਕਰ ਦੇਣ ਦੇ ਖਿਆਲਾਂ ਨੇ ਪਿਆਰ ਦੀ ਖਾਤਰ ਨਿੱਜ ਤੋਂ ਉਪਰ ਉੱਠ ਕੇ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕੀਤਾ ਹੈ।



Amrik Chand Lakha (Producer)



Brij Chandok (Producer)

ਫਿਲਮਕਾਰੀ ਤੇ ਫਿਲਮ ਦੇ ਸੈਟਾਂ ਨੇ ਕਮਾਲ ਕਰ ਦਿਖਾਈ ਹੈ। ਦਰਸ਼ਕਾਂ ਨੂੰ ਇਹ ਫਿਲਮ ਅਕਾਊ-ਥਕਾਊ ਨਹੀਂ ਲੱਗਦੀ। ਕਲਾਕ-ਾਰਾਂ ਨੇ ਭਾਵਨਾਵਾਂ ਨੂੰ ਪ੍ਰਗਟਾਉਣ-ਦਰਸਾਉਣ ਲਈ ਚੋਖੀ ਮਿਹਨਤ ਕੀਤੀ ਹੈ ਕਿਉਂਕਿ ਅਜੇ ਤੇ ਐਮੀ ਦੋਵੇਂ ਜਣੇ ਬਿਲਕੁਲ ਵੱਖ-ਵੱਖ ਸਭਿਆਚਾਰਾਂ ਦੇ ਹੁੰਦੇ ਹੋਏ ਇਕੱਠੇ ਰਹਿੰਦੇ ਹਨ।

ਨਿਰਦੇਸ਼ਕ ਗਾਰਵੇ ਬੈਡਵਾਲ ਨੇ ਸ਼ਕਤੀਸ਼ਾਲੀ ਭਾਵਨਾਤਮਕ ਕਾਰਗੁਜ਼ਾਰੀ ਕਰ ਦਿਖਾਈ ਤੇ ਫਿਲਮ ਦੀ ਐਡੀਟਿੰਗ ਕਮਾਲ ਦੀ ਹੈ। ਬ੍ਰਿਜ ਚੰਡੋਕ ਤੇ ਅਮਰੀਕ ਚੰਦ ਲਾਖਾ ਫਿਲਮ ਨਿਰਮਾਤਾਵਾਂ ਨੇ ਸਾਂਝੇ ਤੌਰ ਤੇ ਨਵੇਂ-ਨਵੇਂ ਵਿਚਾਰਾਂ ਨੂੰ ਇਸ ਵਿਚ ਪੇਸ਼ ਕੀਤਾ ਹੈ। ਇਹ ਫਿਲਮ ਭਾਰਤੀ ਤੇ ਅਮਰੀਕੀ ਦਰਸ਼ਕਾਂ ਵਿਚਾਲੇ ਹਰਮਨ ਪਿਆਰੀ ਹੋਣ ਦੀ ਪੂਰੀ ਉਮੀਦ ਹੈ। ਹਰ ਉਮਰ ਵਰਗ ਦੇ ਦਰਸ਼ਕ ਪ੍ਰਵਾਸ ਨਾਲ ਸਬੰਧਤ ਮੁੱਦਿਆਂ ਨੂੰ ਗਹੁ ਨਾਲ ਵਿਚਾਰਨਗੇ। ਫਿਲਮ ਦੇ ਸ਼ਾਟ ਲੈਣ ਤੇ ਫਿਲਮਾਉਣ ਦਾ ਕੰਮ ਸਾਨ ਫਰਾਂਸਿਸਕੋ ਤੇ ਮੁੰਬਈ ਦੇ ਹਾਲੀਵੁੱਡ ਅਤੇ ਬਾਲੀਵੁੱਡ ਕਾਸਟ ਨਾਲ ਪੂਰੇ ਹੋਏ। ਫਿਲਮ ਦੇਖਣ ਉਪਰੰਤ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਸੀਂ ਜ਼ਿੰਦਗੀ ਵਿਚ ਸਹੀ ਫਿਲਮ ਦੀ ਚੋਣ ਕੀਤੀ ਹੈ।

ਇਹ ਫਿਲਮ ਡਾਊਨਲੋਡ ਕਰਨ ਵਾਸਤੇ ਜਾਂ ਡੀ. ਵੀ. ਡੀ. ਖਰੀਦਣ ਲਈ ਸੰਪਰਕ ਕਰੋ ਤੇ ਪਧਾਰੋ:-

www.sevenseasfilms.com

www.makeachoice.net

**ਸਮੀਖਿਆਕਾਰ- ਬਲਬੀਰ ਮਾਧੋਪੁਰੀ**

# ਧਰਤ ਦੁਆਬੇ ਦੀ

## ਚਾਣਕਯ ਪੁਰਸਕਾਰ ਜੇਤੂ ਨਾਲ ਮੁਲਾਕਾਤ

## ਸਰਕਾਰਾਂ ਬਾਲ ਸਾਹਿਤ ਪਕਾਸ਼ਨ ਨੂੰ ਪ੍ਰਫੁੱਲਤ ਕਰਨ -ਡਾ ਕ੍ਰਿਸ਼ਨ ਕੁਮਾਰ ਰੱਤੂ




ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਸਾਹਿਤ ਜਗਤ ਵਿਚ ਸੰਦਲੀ ਪੈੜਾਂ ਨਾਲ ਦੇਸ਼ ਵਿਦੇਸ਼ ਵਿਚ ਭਾਰਤ ਦੇ ਨਾਂ ਨੂੰ ਚਮਕਾਉਣ ਵਾਲੇ ਉੱਘੇ ਸਾਹਿਤਕਾਰ ਡਾ. ਕ੍ਰਿਸ਼ਨ ਕੁਮਾਰ ਰੱਤੂ ਜੀ ਅਜਕਲ ਦੂਰਦਰਸ਼ਨ ਕੇਂਦਰ ਦੇਹਰਾਦੂਨ ਦੇ ਨਿਰਦੇਸ਼ਕ ਹਨ। ਪਿਆਰ ਮੁਹੱਬਤ ਦੇ ਭਰ ਵਗਦੇ ਇਸ ਦਰਿਆ ਅੰਦਰ ਆਮ ਲੋਕਾਂ ਲਈ ਅੰਤਾ ਦਾ ਮੋਹ ਹੈ। ਸ਼ਾਇਦ ਇਸੇ ਕਰਕੇ ਉਹਨਾ ਦੀ ਹਰ ਸਾਹਿਤਕ ਕਲਾ ਕ੍ਰਿਤ ਵਿਚੋਂ ਆਮ ਲੋਕ ਝਲਕਾਰੇ ਮਾਰਦੇ ਹਨ। ਉਹਨਾਂ ਦੇ ਦੁੱਖਾਂ ਦਰਦਾਂ ਦੇ ਹੱਲ ਲੱਭਦੇ ਰੱਤੂ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਭਾਸ਼ਾਵਾਂ ਵਿਚ ਸ਼ਾਨਦਾਰ ਕਾਰਜ ਕਰਕੇ ਅਨੇਕਾਂ ਕੌਮੀ ਅਤੇ ਕੌਮਾਂਤਰੀ ਪੁਰਸਕਾਰ ਹਾਸਿਲ ਕੀਤੇ ਹੋਏ ਹਨ।ਸਾਲ 2013 ਦੇ ਚਾਣਕਯ ਪੁਰਸਕਾਰ ਨਾਲ ਵੀ ਉਹਨਾਂ ਨੂੰ ਭਾਰਤ ਜਨ ਸੰਚਾਰ ਪ੍ਰੀਸ਼ਦ ਵਲੋਂ ਨਿਵਾਜਿਆ ਜਾ ਚੁੱਕਾ ਹੈ।

ਉਹ ਪਹਿਲੇ ਪੰਜਾਬੀ ਸਾਹਿਤਕਾਰ ਹਨ ਜਿਹਨਾਂ ਨੂੰ ਇਸ ਵੱਕਾਰੀ ਸਨਮਾਨ ਨਾਲ ਸਨਮਾਨਿਆ ਗਿਆ ਹੈ ਟੀ.ਵੀ. ਡਾਇਰੈਕਸ਼ਨ, ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਵਿਚ ਮਾਸਟਰ ਡਿਗਰੀਆਂ ਹਾਸਿਲ ਕਰਕੇ ਡਾਕਟਰੇਟ ਅਤੇ ਡੀ ਲਿੱਟ ਵੀ ਕਰ ਚੁੱਕੇ ਹਨ।ਉਹ ਗਿਆਨ ਵਿਗਿਆਨ ਦਾ ਭੰਡਾਰ ਹਨ।ਇਸੇ ਕਰਕੇ ਉਹਨਾਂ ਦੇ ਹਿਰਦੇ ਅੰਦਰ ਹਰ ਉਸ ਇਨਸਾਨ ਲਈ ਦਰਦ ਹੈ ਜਿਹੜਾ ਇਸ ਦੇਸ਼ ਵਿਚ ਸਭ ਕੁੱਝ ਹੁੰਦਿਆਂ ਹੋਇਆਂ ਵੀ ਸਿਸਟਮ ਦੀ ਤ੍ਰਾਸਦੀ ਕਾਰਨ ਗਰੀਬੀ, ਭੁੱਖਮਰੀ, ਬੇ-ਰੋਜ਼ਗਾਰੀ ਅਤੇ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹੈ।

ਡਾ.ਕ੍ਰਿਸ਼ਨ ਕੁਮਾਰ ਰੱਤੂ ਦੇਸ਼ ਵਿਦੇਸ਼ ਦੀਆਂ ਕਈ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਹਿੰਦੀ ਅੰਗਰੇਜੀ ਅਖਬਾਰਾਂ ਵਿਚ ਲਗਾਤਾਰ ਕਰੰਟ ਅਫੇਰਜ ਤੇ ਆਪਣੀ ਕਾਲਮ ਨਵੀਸ ਦੇ ਤੌਰ ਤੇ ਵੀ ਚਰਚਿਤ ਹਨ।ਟੈਲੀਵਿਜ਼ਨ ਤੇ ਰਹਿੰਦਿਆਂ ਹੋਇਆਂ ਡਾ.ਰੱਤੂ ਨੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਟੀਵੀ ਪ੍ਰੋਗਰਾਮਾਂ ਤੇ ਯਾਦਗਾਰੀ ਡਾਕੂਮੈਂਟਰੀ ਫਿਲਮਾਂ ਬਣਾਈਆਂ ਹਨ। ਲੇਖਕ ਚਿੰਤਕ, ਮੀਡੀਆ ਭਾਸ਼ਾ ਵਿਗਿਆਨੀ ਤੇ ਸ਼੍ਰੋਮਣੀ ਸਾਹਿਤਕਾਰ ਦੇਸ਼ ਵਿਦੇਸ਼ ਵਿਚ ਚਰਚਿਤ ਨਿਰਦੇਸ਼ਕ ਡਾ.ਕ੍ਰਿਸ਼ਨ ਕੁਮਾਰ ਰੱਤੂ ਕੋਲ ਸਾਹਿਤ ਸੱਭਿਆਚਾਰ ਅਤੇ ਫਿਲਮੀ ਦੁਨੀਆ ਦਾ ਡੂੰਘਾ ਤਜਰਬਾ ਹੈ।ਸਾਹਿਤ ਸਿਰਜਣਾ ਵਿਚ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਜੁਟੇ ਹੋਏ ਹਨ।ਅਨੇਕਾਂ ਪ੍ਰੋਗਰਾਮਾ ਦਾ ਨਿਰਦੇਸ਼ਨ ਅਤੇ ਨਿਰਮਾਣ ਕਰਕੇ ਕਲਾ ਨਿਰਦੇਸ਼ਨ ਦੇ ਖੇਤਰ ਵਿਚ ਵਿਲ-ਖਣ ਥਾਂ ਹਾਸਿਲ ਕਰ ਚੁੱਕੇ ਹਨ।

ਉਹਨਾਂ ਨੂੰ ਮਾਣਮੱਤੀਆਂ ਪ੍ਰਾਪਤੀਆਂ ਕਰਕੇ ਜਨ ਸੰਚਾਰ ਪ੍ਰੀਸ਼ਦ ਪੀ ਆਰ ਸੀ ਆਈ ਦਾ ਚਾਣਕਯ ਜਨ ਸੰਚਾਰ ਪੁਰਸਕਾਰ 2013,ਲਾਈਫ ਟਾਈਮ ਹਿੰਦੀ ਭਾਸ਼ਾ ਸੇਵਾ ਲਈ ਹਰਿਆਣਾ ਸਾਹਿਤ ਅਕੈਡਮੀ ਦਾ ਰਾਸ਼ਟਰੀ ਪੁਰਸਕਾਰ-2013,ਭਾਸ਼ਾ ਵਿਭਾਗ ਪੰਜਾਬ ਸਰਕਾਰ ਵੱਲੋਂ ਹਿੰਦੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ 2011, ਲਾਈਫ ਟਾਈਮ ਅਚੀਵਮੈਂਟ ਫਾਰ ਲਿਟਰੇਚਰ ਹਰਿਆਣਾ ਉਰਦੂ ਅਕਾਦਮੀ ਪੰਚਕੂਲਾ, ਭਾਰਤੇਂਦੂ ਹਰਿਸ਼ ਚੰਦਰ ਪੱਤਰਕਾਰਿਤਾ ਪੁਰਸਕਾਰ ਸੂਚਨਾ ਪ੍ਰਸਾਰਨ ਵਿਭਾਗ ਭਾਰਤ ਸਰਕਾਰ ਸਮੇਤ ਦਰਜਨ ਦੇ ਕਰੀਬ ਹੋਰ ਰਾਜਾਂ ਵਿਚੋਂ ਵੀ ਪੁਰਸਕਾਰ ਮਿਲ ਚੁੱਕੇ ਹਨ। ਪੰਜ ਦਰਜਨ ਪੁਸਤਕਾਂ ਦੇ ਇਸ ਰਚਨਹਾਰੇ ਨਾਲ ਮੇਰਾ ਢਾਈ ਦਹਾਕੇ ਪੁਰਾਣਾ ਰਿੱਸ਼ਤਾ ਹੈ। ਉਦੋਂ ਉਹ ਜਲੰਧਰ ਵਿਚ ਕਾਰਜਸ਼ੀਲ ਸਨ।ਉਹਨਾਂ ਦੇ ਕੰਮ ਕਰਨ ਦੀ ਕਲਾ ਦਾ ਮੈਂ ਦੀਵਾਨਾ ਹਾਂ। ਅਜਕਲ ਉਹ ਉਤਰਾਖੰਡ ਦੇ ਦੇਹਰਾਦੂਨ ਸ਼ਹਿਰ ਦੇ ਤਪੋਵਨ ਰੋਡ ਤੇ ਰੈਣ ਬਸਰਾ ਕਰਦੇ ਹਨ।ਇਨਸਾਨੀਅਤ ਦੇ ਇਸ ਪਹਿਰੇਦਾਰ ਦੇ ਜੀਵਨ ਤਜੱਰਬਿਆਂ ਨਾਲ ਆਪ ਦੀ ਵੀ ਸਾਂਝ ਪੁਆ ਰਿਹਾ ਹਾਂ:-



1)ਤੁਸੀਂ ਚਾਣਕਯ ਪੁਰਸਕਾਰ ਹਾਸਲ ਕਰ ਕੇ ਕਿਵੇਂ ਮਹਿਸੂਸ਼ ਕਰ ਰਹੇ ਹੋ?

ਭਾਰਤੀ ਜਨ ਸੰਚਾਰ ਪ੍ਰੀਸ਼ਦ ਵਲੋਂ ਦਿੱਤਾ ਜਾਣ ਵਾਲਾ ਚਾਣਕਯ ਪੁਰਸਕਾਰ ਭਾਰਤਾ ਦਾ ਜਨ ਸੰਚਾਰ ਮੀਡੀਆ ਦਾ ਇਕ ਵਿਲੱਖਣ ਤੇ ਮਹੱਤਵਪੂਰਨ ਪੁਰਸਕਾਰ ਹੈ।ਸ਼ਾਇਦ ਮੈਂ ਅਜਿਹਾ ਇਕੋ ਇਕ ਪੰਜਾਬੀ ਲੇਖਕ ਹਾਂ ਜਿਸ ਨੂੰ ਇਸ ਦੀ ਪ੍ਰਾਪਤੀ ਹੋਈ ਹੈ।ਇਹ ਪੁਰਸਕਾਰ ਤੁਹਾਡੀਆਂ ਪੂਰੀ ਜਿੰਦਗੀ ਦੀਆਂ ਪ੍ਰਾਪਤੀਆਂ ਨੂੰ ਦੇਖ ਕੇ ਦਿੱਤਾ ਜਾਂਦਾ ਹੈ।

2)ਤੁਸੀਂ ਆਪਣੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਦੱਸੋ?

ਲਿਖਦਿਆਂ ਪੜ੍ਹਦਿਆ ਹੁਣ ਫਰਵਰੀ 2013 ਵਿਚ 45 ਸਾਲਾਂ ਦਾ ਸਫਰ ਸੰਪੂਰਨ ਹੋ ਗਿਆ ਹੈ। ਇਸ ਸਫਰ ਵਿਚ ਹੁਣ ਤੱਕ ਹਿੰਦੀ, ਪੰਜਾਬੀ, ਅੰਗਰੇਜ਼ੀ ਵਚ 60 ਤੋਂ ਜਿਆਦਾ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਪਿਛਲੀ ਅੱਧੀ ਸ਼ਤਾਬਦੀ ਤੋਂ ਡਾ ਕ੍ਰਿਸ਼ਨ ਕੁਮਾਰ ਰੱਤੂ ਦੀ ਚਿੰਤਨ ਤੇ ਇਕ ਗਤੀਸ਼ੀਲ ਲੇਖਕ ਦੇ ਤੌਰ ਤੇ ਇਹ ਯਾਤਰਾ ਨਿਰੰਤਰ ਜਾਰੀ ਹੈ।

3)ਟੀ.ਵੀ ਦਾ ਬਾਲ ਸੱਭਿਆਚਾਰ ਦੇ ਪ੍ਰਸਾਰ ਵਿਚ ਕੀ ਯੋਗਦਾਨ ਹੈ?

ਟੈਲੀਵਿਜ਼ਨ ਦਾ ਬਾਲ ਸੱਭਿਆਚਾਰ ਵਿਚ ਮਹੱਤਵਪੂਰਨ ਯੋਗਦਾਨ ਹੈ।ਪ੍ਰੰਤੂ ਅਫਸੋਸਨਾਕ ਪਹਿਲੂ ਇਹ ਹੈ ਕਿ ਸਾਡੇ ਇੱਥੇ ਦਿਖਾਏ ਜਾ ਰਹੇ ਚੈਨਲਾਂ ਵਿਚੋਂ ਬਹੁਤ ਘੱਟ ਅਜਿਹੇ ਹਨ ਜਿਹੜੇ ਬੱਚਿਆਂ ਨਾਲ ਸੰਬੰਧਿਤ ਪ੍ਰੋਗਰਾਮਾਂ ਨੂੰ ਦਿਖਾਉਂਦੇ ਹਨ।ਇਸ ਸੋਂਖਿਤੀ ਵਿਚ ਬੇਹੱਦ ਸੁਧਾਰ ਦੀ ਗੁੰਜਾਰਿਸ਼ ਹੈ।

4) ਬਾਲ ਸਾਹਿਤ ਤੇ ਸੱਭਿਆਚਾਰ ਦੇ ਵਿਕਾਸ ਲਈ ਕੀ ਕੀਤਾ ਜਾਣਾ ਚਾਹੀਦਾ ਹੈ?

ਬਾਲ ਸਾਹਿਤ ਤੇ ਸੱਭਿਆਚਾਰ ਵਿਕਾਸ ਲਈ ਸਮਾਜ ਅਤੇ ਸੰਚਾਰ ਪ੍ਰਸਾਰ ਦੇ ਮਾਧਿਆਮਾਂ ਨੂੰ ਜੇਕਰ ਬੱਚਿਆਂ ਨੂੰ ਆਪਣੇ ਵਿਰਸੇ ਭਾਸ਼ਾ ਅਤੇ ਆਪਣੇ ਸੱਭਿਆਚਾਰ ਦੇ ਪ੍ਰਤੀ ਸੁਚੇਤ ਕੀਤਾ ਜਾਵੇ ਤਾਂ ਇਹ ਮਾਧਿਅਮ ਬਾਲ ਸਾਹਿਤ ਤੇ ਸੱਭਿਆਚਾਰ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।

5)ਸਰਕਾਰ ਦਾ ਬਾਲ ਸਾਹਿਤ ਦੇ ਪ੍ਰਕਾਸ਼ਨ ਪ੍ਰਤੀ ਰਵੱਈਆ ਕਿਹੋ ਜਿਹਾ ਹੋਵੇ?

ਇਹ ਅਫਸੋਸਨਾਕ ਸਥਿਤੀ ਹੈ ਕਿ ਸਾਡੀਆਂ ਸਰਕਾਰਾਂ ਬਾਲ ਸਾਹਿਤ ਦੇ ਪ੍ਰਕਾਸ਼ਨ ਪ੍ਰਤੀ ਸ਼ਾਇਦ ਹੀ ਕੋਈ ਨੀਤੀ ਅਪਣਾ ਰਹੀਆਂ ਹੋਣ ਜਦਕਿ ਜਰੂਰਤ ਇਸ ਗੱਲ ਦੀ ਹੈ ਕਿ ਜਿੰਨੀ ਦੇਰ ਤੱਕ ਬਾਲ ਸਾਹਿਤ ਨੂੰ ਪ੍ਰਫੁੱਲਤ ਨਹੀਂ ਕੀਤਾ ਜਾਂਦਾ ਉਨ੍ਹੀਂ ਦੇਰ ਤੱਕ ਬੱਚਿਆਂ ਦੇ ਬੌਧਿਕ ਤੇ ਮਨੋਵਿਗਿਆਨਕ ਵਿਕਾਸ ਨੂੰ ਨਹੀਂ ਦੇਖਿਆ ਜਾ ਸਕਦਾ। ਇਸ ਪਾਸੇ ਧਿਆਨ ਦੇਣ ਦੀ ਬੇਹੱਦ ਜਰੂਰਤ ਹੈ।

6)ਦੂਰਦਰਸ਼ਨ ਦੇ ਨਿਰਦੇਸ਼ਕ ਹੋਣ ਦੇ ਨਾਤੇ ਆਪਣੇ ਤਜੱਰਬੇ ਬੱਚਿਆਂ ਨਾਲ ਸਾਂਝੇ ਕਰੋ?

ਦੂਰਦਰਸ਼ਨ ਦਾ ਡਾਇਰੈਕਟਰ ਹੋਣ ਦੇ ਨਾਤੇ ਮੈਂ ਬਹੁਤ ਸਾਰੇ ਪ੍ਰੋਗਰਾਮ ਅਤੇ ਟੈਲੀ ਫਿਲਮਾਂ ਬਣਾਈਆਂ ਹਨ ਅਤੇ ਆਪਣੀ 30 ਵਰ੍ਹਿਆਂ ਦੀ ਭਾਰਤੀ ਪ੍ਰਸਾਰਣ ਸੇਵਾ ਦੀ ਨੌਕਰੀ ਵਿਚ ਬਹੁਤ ਸਾਰੇ ਮਹੱਤਵਪੂਰਨ ਲੋਕਾਂ ਨੂੰ ਮਿਲਣ ਮਿਲਾਣ ਦਾ ਮੌਕਾ ਮਿਲਿਆ ਹੈ।200 ਤੋਂ ਜਿਆਦਾ ਕਹਾਣੀਆਂ ਪੰਜਾਬੀ ਤੇ ਹਿੰਦੀ ਵਿਚ ਲਿਖੀਆਂ ਹਨ। ਜਿਹਨਾਂ ਨੂੰ ਪੰਜਾਬੀ ਤੇ ਹਿੰਦੀ ਦੇ ਵੱਡੇ ਪਾਠਕਾਂ ਨੇ ਪਹਿਚਾਣਿਆ ਤੇ ਸਮਝਿਆ ਹੈ ਤੇ ਮੇਰੀਆਂ ਕਈ ਕਹਾਣੀਆਂ ਤੇ ਟੈਲੀ ਫਿਲਮਾਂ ਤੇ ਉਹਨਾਂ ਦੇ ਅਨੁਵਾਦ ਵੀ ਹੋਏ ਹਨ।

ਪਰ ਪੰਜਾਬ ਤੋਂ ਬਾਹਰ ਰਹਿਣ ਕਾਰਨ ਪੰਜਾਬੀ ਕਹਾਣੀ ਦੀਆਂ ਸਫਾ ਤੋਂ ਬਾਹਰ ਹਾਂ। ਖੈਰ ਇਹ ਸਭ ਹੁੰਦਾ ਹੈ। ਜੇਕਰ ਤੁਹਾਡੇ ਅੱਖਰਾਂ ਅੰਦਰ ਜਿੰਦਗੀ ਦਾ ਸੱਚ ਹੈ ਤਾਂ ਉਹਨਾਂ ਨੂੰ ਪਹਿਚਾਣ ਦਾ ਚਿਹਰਾ ਮਿਲ ਹੀ ਜਾਵੇਗਾ। ਕਦੀ ਕਦੀ ਕਵਿਤਾ ਵੀ ਲਿਖਦਾ ਹਾਂ। ਮੈਨੂੰ ਲੱਗਦਾ ਹੈ ਕਵਿਤਾ ਦੇ ਚੰਗੇ ਤੇ ਉਸਾਰੂ ਸ਼ਬਦ ਰੂ ਬ ਰੂ ਹੋ ਸਕਦੈ ਪਰ ਉਹ ਕਵਿਤਾ ਦੀ ਰਵਾਨੀ ਦੀ ਨਿਸ਼ਾਨੀ ਤੇ ਮਨੁੱਖੀ ਸਰੋਕਾਰਾਂ ਦੀ ਨੁਮਾਇੰਦਗੀ ਕਰਕੇ ਹੋਣ। ਇਹ ਸੱਚ ਹੈ ਕਿ ਅੱਜ ਕਵਿਤਾ ਬਾਰੇ ਵਾਦ ਵਿਵਾਦ ਹੈ ਪਰ ਇਹ ਹੈ ਕਿੱਥੇ ਨਹੀਂ।ਪਰ ਜਿਸ ਤਰ੍ਹਾਂ ਦੀ ਸਾਡੇ ਇਥੇ ਪੰਜਾਬੀ ਵਿਚ ਕਵਿਤਾ ਹੈ ਉਸਦੀ ਬਹੁਗਿਣਤੀ ਉਸ ਤਰ੍ਹਾਂ ਦੀ ਨਹੀਂ ਜਿਸ ਤੇ ਟਿੱਪਣੀ ਕੀਤੀ ਜਾ ਸਕਦੀ ਹੋਵੇ। ਹਾਲਾਂਕਿ ਪੰਜਾਬੀ ਕਵਿਤਾ ਦੀਆਂ ਸੰਭਾਵਨਾਵਾਂ ਨੂੰ ਨਕਾਰਿਆ ਵੀ ਨਹੀਂ ਜਾ ਸਕਦਾ ਹੈ ਪਰ ਅਜੇ ਕੁੱਝ ਕਰਨ ਤੇ ਸੰਭਾਲਣ ਦਾ ਵੇਲਾ ਹੈ।

7)ਤੁਸੀਂ ਆਪਣੇ ਪਰਿਵਾਰ ਅਤੇ ਪਿਛੋਕੜ ਬਾਰੇ ਵੇਰਵਾ ਦਿਓ? - ਮੇਰਾ ਪਰਿਵਾਰ ਬਟਵਾਰੇ ਵੇਲੇ ਮਿੰਟਗੁਮਰੀ ਜਿਲ੍ਹੇ ਤੋਂ ਇੱਧਰ ਆਇਆ। ਮੇਰਾ ਜਨਮ ਨੂਰਮਹਿਲ ਜ਼ਿਲ੍ਹਾ ਜਲੰਧਰ ਵਿਚ ਹੋਇਆ। ਮੇਰੇ ਪਿਤਾ ਜੀ ਪੰਜਾਬ ਸਰਕਾਰ ਦੇ ਅਧੀਨ ਤਹਿਸੀਲਦਾਰ ਰਹੇ। ਇਸ ਵਕਤ ਮੇਰੇ ਪਰਿਵਾਰ ਵਿਚ ਇਕ ਇੰਜੀਨੀਅਰ ਪੁੱਤਰ ਤੇ ਪੁੱਤਰੀ ਹੈ। ਮੇਰੀ ਸ਼੍ਰੀਮਤੀ ਡਾਕਟਰ ਕਮਲਾ ਰੱਤੂ ਹਿੰਦੀ ਭਾਸ਼ਾ ਦੀ ਲੇਖਕ ਤੇ ਅਧਿਆਪਕ ਹੈ। ਮੇਰੇ ਪਰਿਵਾਰ ਵਿਚ ਮੇਰਾ ਛੋਟਾ ਭਰਾ ਆਡਿਟ ਜਰਨਲ ਦੇ ਮਹੱਤਵਪੂਰਨ ਅਹੁੱਦੇ ਤੇ ਭਾਰਤ ਸਰਟਕਾਰ ਸੇਵਾ ਵਿਚ ਹੈ।

8)ਪੰਜਾਬੀ ਬਾਲ ਸਾਹਿਤ ਵਿਚ ਹੋਰ ਕੀ ਕਰਨ ਦੀ ਲੋੜ ਹੈ?

ਪੰਜਾਬੀ ਬਾਲ ਸਾਹਿਤ ਵਿਚ ਬੇਹੱਦ ਨਵਾਂ ਕਰਨ ਦੀ ਜਰੂਰਤ ਹੈ।ਬਾਲ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਨਵੇਂ ਵਿਸ਼ਿਆਂ ਦੇ ਮੈਗਜ਼ੀਨ, ਫਿਲਮਾਂ, ਟੈਲੀ ਪ੍ਰੋਗਰਾਮ ਅਤੇ ਸਕੂਲਾਂ ਵਿਚ ਨਵੀਂ ਤਕਨੀਕ ਦੀ ਪਹੁੰਚ ਦੀ ਬੇਹੱਦ ਜਰੂਰਤ ਹੈ।ਇਸ ਵਿਚ ਨਿੱਕੀਆਂ ਕਰੂੰਬਲਾਂ ਵਰਗੇ ਅਦਾਰੇ ਅਤੇ ਤੁਹਾਡੇ ਵਰਗੇ ਸੁਹਿਰਦ ਇਨਸਾਨ ਮਹੱਤਵਪੂਰਨ ਰੋਲ ਅਦਾ ਕਰਾ ਸਕਦੇ ਹਨ।

9)ਆਪਣੇ ਬਚਪਨ ਦੀ ਖੱਟੀ ਮਿੱਠੀ ਯਾਦ ਸੁਣਾਓ?

ਉਮਰ ਦੇ ਇਸ ਮੋੜ ਤੇ ਆ ਕੇ ਬਚਪਨ ਵੀ ਭੁੱਲ ਗਿਆ ਤੇ ਖੱਟੀਆਂ ਮਿੱਠੀਆਂ ਯਾਦਾਂ ਵੀ। ਇੱਕ ਗੱਲ ਯਾਦ ਆਉਂਦੀ ਹੈ ਉਹ ਹੈ ਮੈਥੇਮੈਟਿਕਸ ਵਿਸ਼ੇ ਤੋਂ ਬੜਾ ਡਰ ਲੱਗਦਾ ਸੀ। ਇਕ ਪੰਕਤੀ ਯਾਦ ਆ ਰਹੀ ਹੈ: ਭੁਲ ਗਿਆ ਵੋ ਕੁਛ ਭੀ ਜੋ ਚਾਹਾ ਥਾ ਦਿਲ ਮੇ ਰਖਨਾ।




ਯੂਬਾ ਸਿਟੀ ਦੇ 34ਵੇਂ ਸਾਲਾਨਾ ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

STAR EXPRESS TRUCKING INC

Prop

Balbir Kumar

Phone: 530-635-3853

3530 Emma Ct., Yuba City, CA- 95993

Sam's Auto Repair & Services

Professional Auto Repairs & Services

BRAKE & LAMP INSPECTION

Domestic & Foreign Cars

STAR CERTIFIED TEST & REPAIR STATION


* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $100 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

649 West Elkhorn Blvd, Suite B

Rio Linda, CA 95673

(916) 992-9004

# ਯਾਦਗਾਰੀ ਹੋ ਨਿੱਬੜਿਆ ਇੰਡੋ ਅਮੈਰਿਕਨ ਕਲਚਰਲ ਐਂਡ ਸਪੋਰਟਸ ਸੁਸਾਇਟੀ ਵੱਲੋਂ ਮਨਾਇਆ ਗਦਰ ਲਹਿਰ ਨੂੰ ਸਮਰਪਿਤ ਗਦਰੀ ਮੇਲਾ



















Pictures' credit Prem K. Chumber (www.deshdoaba.com & www.ambedkartimes.com)

# ਯਾਦਗਾਰੀ ਹੋ ਨਿੱਬੜਿਆ ਇੰਡੋ ਅਮੈਰਿਕਨ ਕਲਚਰਲ ਐਂਡ ਸਪੋਰਟਸ ਸੁਸਾਇਟੀ ਵੱਲੋਂ ਮਨਾਇਆ ਗਦਰ ਲਹਿਰ ਨੂੰ ਸਮਰਪਿਤ ਗਦਰੀ ਮੇਲਾ























Pictures' credit Prem K. Chumber (www.deshdoaba.com & www.ambedkartimes.com)